# ਪ੍ਰੀਤ ਕੁਰਬਾਨੀਆਂ



ਗੁਰਦਿਆਲ ਸਿੰਘ ਢਿੱਲੋਂ ਪ੍ਰੀਤ

Sri Satguru Jagjit Singh Ji Elibrary NamdhariElibrary@gmail.com



*Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਪ੍ਰੀਤ ਕੁਰਬਾਨੀਆਂ

ਗੁਰਦਿਆਲ ਸਿੰਘ ਢਿੱਲੋਂ ਪ੍ਰੀਤ

ਉਡਾਨ ਪਬਲੀਕੇਸ਼ਨਜ਼, ਮਾਨਸਾ

Sri Satguru Jagjit Singh Ji Elibrary NamdhariElibrary@gmail.com

2009

ISBN-978-81-89869-83-0

Udaan Publications,
Mansa-151505, India.
01652-233087, 098148-09219
udaan123@rediffmail.com
Printed & Bound at Lucky Enterprises, Delhi

© 2009

All rights are reserved. No Part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the author and publisher.

---

PREET KURBANIAN (POEMS)

by Gurdial Singh 'Preet Dhillon'
V.P.O.- Nai Wala, Rania- 125075
Sirsa (Haryana)
01698-291328, 093556-988[illegible]5

---

Sri Satguru Jagjit Singh Ji Elibrary NamdhariElibrary@gmail.com

# ਸਮਰਪਨ

ਸਵਰਗੀ ਪਿਤਾ ਸ੍ਰ. ਮੱਘਰ ਸਿਘ ਢਿੱਲੋਂ
ਸਵਰਗੀ ਮਾਤਾ ਤੇਜ ਕੌਰ ਸੰਧੂ
ਜਿਨ੍ਹਾ ਤੋਂ ਸਦਾ ਨਿੱਘਾ
ਪਿਆਰ ਮਿਲਿਆ
ਅਤੇ
ਉਹਨਾਂ ਅਮਰ ਸ਼ਹੀਦਾਂ ਨੂੰ
ਜੋ ਦੇਸ਼ ਕੌਮ ਤੇ ਧਰਮ
ਤੋਂ ਕੁਰਬਾਨ ਹੋ ਗਏ।

Sri Satguru Jagjit Singh Ji Elibrary NamdhariElibrary@gmail.com

ਵਿਸ਼ੇਸ਼ ਸਹਿਯੋਗ : ਨਾਮਧਾਰੀ ਪੰਜਾਬੀ ਸਾਹਿਤ ਸਭਾ, ਸ੍ਰੀ ਜੀਵਨ ਨਗਰ।

Sri Satguru Jagjit Singh Ji Elibrary NamdhariElibrary@gmail.com

# ਨਿਸ਼ਾਨਦੇਹੀ


| | | |
|---|---|---|
| 1. | ਆਪਣੇ ਵੱਲੋਂ | 7 |
| 2. | ਮੁਰਦਾ ਜ਼ਮੀਰ ਨੂੰ ਟੁੰਬਣ ਵਾਲੀ ਕੁੜੀ | 9 |
| 3. | ਸ਼ਹੀਦ ਦੀ | 13 |
| 4. | ਸਿੱਖ ਅਤੇ ਸਿੱਖੀ | 16 |
| 5. | ਬਿਸ਼ਨ ਸਿੰਘ ਦੀ ਸ਼ਹੀਦੀ | 19 |
| 6. | ਸ਼ਹੀਦਾਂ ਦੀ ਕੌਮ | 22 |
| 7. | ਦੋਹੀਂ ਪਾਸੀਂ | 25 |
| 8. | ਸ਼ਹੀਦ | 27 |
| 9. | ਸ਼ਹੀਦਾਂ ਬਾਰ | 29 |
| 10. | ਸ੍ਰੀ ਗੁਰੂ ਅਰਜਨ ਦੇਵ ਦੀ ਸ਼ਹੀਦੀ | 31 |
| 11. | ਅਜ਼ਾਦੀ | 34 |
| 12. | ਚਮਕੌਰ ਦੀ ਗੜ੍ਹੀ | 36 |
| 13. | ਪੜ੍ਹਿਆ ਜਦੋਂ ਇਤਿਹਾਸ ਕੁਰਬਾਨੀਆਂ ਦਾ | 38 |
| 14. | ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ | 41 |
| 15. | ਸ਼ਹੀਦ ਊਧਮ ਸਿੰਘ | 44 |
| 16. | 40 ਮੁਕਤੇ | 46 |
| 17. | ਭਾਈ ਘਨਈਆ | 49 |
| 18. | ਸ਼ਹੀਦ ਭਗਤ ਸਿੰਘ ਦੀ ਮੜ੍ਹੀ ਉਤੇ ਮਾਂ ਦੀ ਪੁਕਾਰ | 53 |
| 19. | 30 ਮਾਰਚ ਨੂੰ ਅਡਵਾਨੀ ਦਾ ਬਿਆਨ ਕੂਕੇ ਸ਼ਹੀਦ... | 57 |
| 20. | ਕਾਮਾ ਗਾਟਾ ਸ਼ਹੀਦਾਂ ਬਾਰੇ | 60 |
| 21. | ਗੁਰੂ ਅਰਜਨ ਦੇਵ ਦੀ ਸ਼ਹੀਦੀ | 62 |
| 22. | ਜੰਗ | 65 |
| 23. | ਪੰਜਾਬੀਆਂ ਨੇ | 67 |
| 24. | ਮਲੇਰਕੋਟਲੇ ਦੇ ਸ਼ਹੀਦ | 70 |
| 25. | ਪੰਜਾਬ | 72 |
| 26. | ਵੈਸਾਖੀ | 73 |


Sri Satguru Jagjit Singh Ji Elibrary NamdhariElibrary@gmail.com

| | | |
|---|---|---|
| 27. | ਪਿਤਾ ਪੁੱਤਰ ਦੇ ਸਵਾਲ ਜਵਾਬ | 76 |
| 28. | ਸ਼ਹੀਦ | 79 |
| 29. | ਸ਼ਹਾਦਤ ਤਵਾਰੀਖ | 82 |
| 30. | ਚਿੱਤਰਕਾਰ ਹਾਂ ਜੀਵਨ ਦੀ ਤਸਵੀਰ ਦਾ | 85 |
| 31. | ਅਮਨ ਤੇ ਜੰਗ | 87 |
| 32. | ਦਸ਼ਮੇਸ਼ | 89 |
| 33. | ਸ਼ਹੀਦ ਸਿੰਘਾਂ ਦੀ ਵਾਰ | 91 |
| 34. | ਸਵਾਲ ਜਵਾਬ ਮੀਆਂ ਮੀਰ ਦਾ | 93 |
| 35. | ਸ਼ਹੀਦ | 95 |
| 36. | ਹਿੰਦ ਤੇ ਪਾਕ | 97 |
| 37. | ਕਾਰਗਿਲ | 99 |
| 38. | ਘਰ ਦੀ ਜੰਗ | 102 |

Sri Satguru Jagjit Singh Ji Elibrary NamdhariElibrary@gmail.com

# ਆਪਣੇ ਵੱਲੋਂ

'ਮਿਹਰ ਭਰਿਆ ਇਕ ਸਿਰ ਤੇ ਹੱਥ ਹੋਵੇ, ਹੱਥ ਧਰਿਆ ਗੁਰੂ ਜਗਜੀਤ ਹੋਵੇ'
ਜੋ ਕੁਝ ਮੈਥੋਂ ਲਿਖਵਾਇਆ ਮੈਂ ਲਿਖ ਦਿੱਤਾ ਜੋ ਕੁਝ ਮੈਥੋਂ ਬੁਲਵਾਇਆ
ਮੈਂ ਬੋਲ ਦਿੱਤਾ। ਕੋਟਨ ਕੋਟ ਧੰਨਵਾਦ ਸ੍ਰੀ ਸਤਿਗੁਰੂ ਜੀ ਦਾ।

ਰਿਣੀ ਹਾਂ

ਮੈਂ ਨਾਮਧਾਰੀ ਪੰਜਾਬੀ ਸਾਹਿਤ ਸਭਾ ਦਾ ਜਿੰਨ੍ਹਾਂ ਨੇ ਮੈਨੂੰ ਤਰਾਸ਼ਣ ਵਿੱਚ ਕੋਈ ਕਸਰ ਨਹੀਂ ਛੱਡੀ। ਕਵੀ ਤਾਂ ਮੈਂ ਨਹੀਂ ਬਣ ਸਕਿਆ, ਪਰ ਕਵੀਆਂ ਵਾਲਾ ਲੇਬਲ ਤਾਂ ਜਰੂਰ ਲਗ ਚੁੱਕਾ ਏ। ਢਿੱਲੋਂ ਪ੍ਰੀਤ ਨੂੰ ਕਿਤਾਬੀ ਸ਼ਕਲ ਵਿੱਚ ਲੋਕਾਂ ਸਾਹਮਣੇ ਆ ਇਹ ਦੂਸਰੀ ਦੇਣ ਵੀ ਸਭਾ ਦੀ ਏ। ਜਿੰਨ੍ਹਾ ਵਿੱਚ (1) ਮਾ: ਅਮਰੀਕ ਸਿੰਘ (2) ਸਾਧੂ ਸਿੰਘ ਕਿਸਾਨ (3) ਡਾ. ਜੀ.ਡੀ. ਚੌਧਰੀ (4) ਡਾ. ਦਰਸ਼ਨ ਸਿੰਘ (5) ਸਵਰਨ ਸਿੰਘ ਵਿਰਕ (6) ਲਖਵਿੰਦਰ ਸਿੰਘ ਬਾਜਵਾ (7) ਹਰਭਜਨ ਸਿੰਘ ਰਾਜਾ (8) ਕੁਲਦੀਪ ਸਿੰਘ ਦੀਪ (9) ਪੂਰਨ ਸਿੰਘ ਨਿਰਾਲਾ (10) ਸਵਰਨ ਸਿੰਘ ਚੀਮਾ (11) ਗੁਰਮੇਲ ਸਿੰਘ ਹੰਸ (12) ਜੁਗਿੰਦਰ ਸਿੰਘ ਮੁਕਤਾ (13) ਕਰਨੈਲ ਸਿੰਘ ਅਸਪਾਲ (14) ਬਲਦੇਵ ਸਿੰਘ ਵੜੈਚ (15) ਰਾਜਿੰਦਰ ਸਿੰਘ ਰਾਜ (16) ਬਲਬੀਰ ਸਿੰਘ ਢਿੱਲੋਂ (17) ਜਸਵਿੰਦਰ ਸਿੰਘ ਭਿੰਡਰ (18) ਬੇਅੰਤ ਸਿੰਘ ਸੇਖਲ (19) ਹਰਭਜਨ ਸਿੰਘ ਪ੍ਰਵਾਨਾ (20) ਬੇਅੰਤ ਸਿੰਘ ਵੜੈਚ ਮੇਰੇ ਸ਼ਾਇਰ ਉਸਤਾਦ ਵਰਿਆਮ ਸਿੰਘ ਪਿਆਸਾ।

ਮੈਂ ਇਹਨਾਂ ਦਾ ਤਹਿ ਦਿਲੋਂ ਰਿਣੀ ਹਾਂ, ਜਿੰਨ੍ਹਾਂ ਨੇ ਮੈਨੂੰ ਸਾਹਿਤਕਾਰਾਂ ਦੀ ਕਤਾਰ ਵਿੱਚ ਆਪਣੀ ਉਂਗਲੀ ਫੜਾਕੇ ਖੜ੍ਹਾ ਕੀਤਾ।

ਧੰਨਵਾਦੀ ਹਾਂ।

ਲੇਖਕਾਂ ਸਾਹਿਤਕਾਰਾਂ ਬੁੱਧੀਜੀਵੀਆਂ ਦਾ, ਪਾਠਕਾਂ ਤੇ ਸਰੋਤਿਆਂ ਦਾ, ਜਿੰਨ੍ਹਾ ਵੱਲੋਂ ਸਦਾ ਭਰਵਾਂ ਹੁੰਗਾਰਾ ਮਿਲਿਆ। ਦੇਸਾਂ ਵਿਦੇਸ਼ਾਂ ਤੋਂ ਚਿੱਠੀਆਂ ਟੈਲੀਫ਼ੋਨ ਵੀ ਆਏ ਜਿੰਨ੍ਹਾਂ ਮੇਰਾ ਹੌਸਲਾ ਤੇ ਮਾਨ ਵਧਾਇਆ।

ਲਖਵਿੰਦਰ ਸਿੰਘ ਬਾਜਵਾ ਦਾ ਦੁਬਾਰਾ ਧੰਨਵਾਦ ਕਰਦਾ ਹਾਂ ਜਿਨਾਂ ਨੇ ਖਰੜਾ ਸੁਧਾਰਨ ਵਿੱਚ ਮੇਰੀ ਮਦਦ ਕੀਤੀ ਤੇ ਇਸ ਪੁਸਤਕ ਨੂੰ ਸ਼ਿੰਗਾਰਨ ਵਿੱਚ ਆਪਣਾ ਵਡਮੁਲਾ ਯੋਗਦਾਨ ਪਾਇਆ।

ਗੁਰਦਿਆਲ ਸਿੰਘ ਢਿੱਲੋਂ ਪ੍ਰੀਤ



Sri Satguru Jagjit Singh Ji Elibrary NamdhariElibrary@gmail.com

# ਦੋ ਗੱਲਾ

ਦੈਨਿਕ ਭਾਸਕਰ ਵਿੱਚ ਇਕ ਇਸ਼ਤਿਹਾਰ ਜਿਹਾ ਲਿਖਿਆ ਆਉਂਦਾ ਹੈ, "ਜ਼ਿਦ ਕਰੋ-ਦੁਨੀਆਂ ਬਦਲੋ"। ਏਹ ਪ੍ਰੀਤ ਵੀ ਬੜਾ ਜ਼ਿੱਦੀ ਏ। ਇਸਦੀ ਜ਼ਿਦ ਨੇ ਤਿੰਨ ਚਾਰ ਕਿਤਾਬਾਂ ਸਾਹਮਣੇ ਲੈ ਆਂਦੀਆਂ ਨੇ।

ਮੈਂ ਇਸ ਨੂੰ ਆਖਿਆ, "ਠੀਕ! ਤੂੰ ਸਟੇਜ ਦਾ ਸ਼ਾਹ ਸਵਾਰ ਏਂ ਪਰ ਸਟੇਜ ਤੇ ਏਡੀਆਂ ਲੰਮੀਆਂ ਕਵਿਤਾਵਾਂ ਜੋਗਾ ਵਕਤ ਕਦੇ ਕਦਾਈਂ ਹੀ ਮਿਲਦਾ ਏ। ਲੰਮੀਆਂ ਕਵਿਤਾਵਾਂ ਤਾਂ ਕਿਤਾਬਾਂ ਵਿੱਚ ਪਚਦੀਆਂ ਨੇ।" ਇਸ ਨੇ ਆਖਿਆ, "ਚੰਗਾ ਫਿਰ ਪੁਸਤਕਾਂ ਵਿੱਚ ਈ ਸਹੀ ਪਰ ਲਿਖਾਂਗਾ ਲੰਮੀਆਂ ਹੀ।"

ਏਹਨੂੰ ਕਵਿਤਾ ਏਨੀ ਆਉਂਦੀ ਏ ਕਿ ਪਹਿਲੀ ਅਜੇ ਮਾਂਜੀ ਲਿਸ਼ਕਾਈ ਨਹੀਂ ਹੁੰਦੀ ਉੱਤੋਂ ਹੋਰ ਆ ਜਾਂਦੀ ਏ। 'ਨਾਮਧਾਰੀ ਪੰਜਾਬੀ ਸਾਹਿਤ ਸਭਾ' ਦੇ ਬਹੁਤਾ ਲਿਖਣ ਵਾਲਿਆਂ ਵਿੱਚ ਏਹਦਾ ਸ਼ੁਮਾਰ ਏ।

ਮੇਰਾ ਮਸ਼ਵਰਾ ਏ, ਜਿੰਨਾਂ ਵੀ ਲਿਖੇ ਉਸਨੂੰ ਠੀਕ-ਠਾਕ ਕਰਕੇ, ਹੋਰ ਲਿਖੇ।

ਪਰ ਫਿਰ ਵੀ ਸ਼ਾਲਾ ਏਹ ਲਗਾਤਾਰ ਲਿਖਦਾ ਈ ਰੁਵੇ। ਵਾਧਾ-ਘਾਟਾ ਪੜ੍ਹਨ ਵਾਲੇ ਆਪੇ ਕਰਦੇ ਰਹਿਣਗੇ। ਮੁਫ਼ਤ ਮਸ਼ਵਰੇ ਦੇਣ ਵਾਲੇ ਬੜੇ ਹੁੰਦੇ ਨੇ ਨਿਰੰਤਰ ਕੰਮ ਕਰਨ ਵਾਲੇ ਟਾਂਵੇ-ਟਾਂਵੇ ਈ ਹੁੰਦੇ ਨੇ।

ਇਸਦੀ ਇਸ ਪੁਸਤਕ ਨੂੰ 'ਜੀ ਆਇਆਂ'।

ਸਾਧੂ ਕ੍ਰਿਸਾਨ
ਪ੍ਰਧਾਨ ਨਾ: ਪੰ: ਸਾ: ਸ:,
ਸ੍ਰੀ ਜੀਵਨ ਨਗਰ।



Sri Satguru Jagjit Singh Ji Elibrary NamdhariElibrary@gmail.com

# ਮੁਰਦਾ ਜ਼ਮੀਰ ਨੂੰ ਟੁੰਬਣ ਵਾਲਾ ਕਵੀ

ਇੱਕ ਗ਼ਜ਼ਲ ਸੰਗ੍ਰਹਿ ਦੇਣ ਤੋਂ ਬਾਅਦ ਪ੍ਰੀਤ ਜੀ ਨੇ ਕਾਫੀ ਦੇਰ ਚੁੱਪ ਵੱਟੀ ਰੱਖੀ। ਸ਼ਾਇਦ ਇਹ ਚੁੱਪ ਤਾਂ ਸਾਡੇ ਲਈ ਸੀ ਉਹਨਾਂ ਦੇ ਅੰਦਰ ਸੂਰਬੀਰਾਂ ਦੀਆਂ ਕੁਰਬਾਨੀਆਂ ਦਾ ਸਮੁੰਦਰ ਹਿਲੋਰਾਂ ਮਾਰ ਰਿਹਾ ਸੀ ਜੋ ਪ੍ਰੀਤ ਕੁਰਬਾਨੀਆਂ ਦੇ ਰੂਪ ਵਿੱਚ ਪਾਠਕਾਂ ਦੇ ਸਾਹਮਣੇ ਹੈ।

ਇਕ ਦਿਨ ਇਸ ਪੁਸਤਕ ਦਾ ਖਰੜਾ ਪ੍ਰੀਤ ਜੀ ਨੇ ਮੇਰੇ ਹੱਥਾਂ ਵਿੱਚ ਥਮਾ ਦਿੱਤਾ ਅਤੇ ਨਾਲ ਹੀ ਇਸ ਉੱਤੇ ਇੱਕ ਝਾਤ ਮਾਰਨ ਦਾ ਹੁਕਮ ਵੀ ਲਾ ਦਿੱਤਾ ਤਾਂ ਮੈਨੂੰ ਬਹੁਤ ਪ੍ਰਸੰਨਤਾ ਹੋਈ ਕਿਉਂਕਿ ਲੇਖਕ ਦੀ ਕਲਮ ਹੀ ਉਸ ਦੀ ਜ਼ਿੰਦਗੀ ਹੁੰਦੀ ਹੈ ਅਤੇ ਲਫ਼ਜ਼ ਪੁਸਤਕ ਰੂਪ ਵਿੱਚ ਆਉਣ ਤੋਂ ਬਾਅਦ ਹੀ ਅਮਰਤਾ ਨੂੰ ਪ੍ਰਾਪਤ ਹੁੰਦੇ ਹਨ।

ਪ੍ਰੀਤ ਜੀ ਬਹੁਤ ਵਧੀਆ ਸਟੇਜੀ ਕਵੀ ਤਾਂ ਹਨ ਹੀ ਬਹੁਤ ਵਧੀਆ ਮਨੁੱਖ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਉੱਘੇ ਰੁਕਨ ਹਨ। ਉਹਨਾਂ ਦਾ ਇਹ ਕਾਵਿ ਸੰਗ੍ਰਹਿ ਸ਼ਹੀਦਾਂ ਨੂੰ ਸਮਰਪਿਤ ਹੈ। ਪ੍ਰੀਤ ਜੀ ਨੇ ਇਸ ਪੁਸਤਕ ਵਿੱਚ ਜ਼ਿਆਦਾਤਰ ਬੈਂਤ ਦੀ ਵਿਧਾ ਨੂੰ ਅਪਣਾਇਆ ਹੈ ਅਤੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ ਹੈ।

ਕਵੀ ਦੇ ਅੰਦਰ ਸ਼ਰਧਾ ਅਤੇ ਭਾਵਨਾ ਦਾ ਅਜੇਹਾ ਵੇਗ ਹੈ ਕਿ ਕਵਿਤਾਵਾਂ ਆਪ ਮੁਹਾਰੇ ਲੰਮੀਆ ਹੋ ਗਈਆਂ ਜਾਪਦੀਆਂ ਹਨ। ਪ੍ਰੀਤ ਜੀ ਨੇ ਜਿੱਥੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣ ਤੇ ਜ਼ੋਰ ਦਿੱਤਾ ਹੈ ਉਥੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਕੋਸ਼ ਕਰਵਾਉਣ ਵਾਲਿਆਂ ਨੂੰ ਲਾਹਨਤਾਂ ਵੀ ਪਾਈਆਂ ਹਨ। ਮਾਸੂਮਾਂ ਦੀ ਰੱਤ ਵਿੱਚ ਹੋਲੀ ਖੇਡਣ ਵਾਲਿਆਂ ਨੂੰ ਦੁਰਕਾਰਿਆ ਹੈ। ਜਿਹੜੀ ਕੌਮ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀ ਹੈ ਉਹ ਕਦੇ ਜ਼ਿੰਦਾ ਨਹੀਂ ਰਹਿ ਸਕਦੀ। ਪ੍ਰੀਤ ਜੀ ਲਿਖਦੇ ਹਨ:-

ਜਿਹੜੀ ਕੌਮ ਦਾ ਰੋਸ਼ਨ ਇਤਿਹਾਸ ਹੀ ਨਹੀਂ  
ਓਸ ਕੌਮ ਦੀ ਮੁਰਦਾ ਜ਼ਮੀਰ ਹੁੰਦੀ  
ਉਹਦੀ ਪੱਗ ਦਾਗੀ ਉਹਦੀ ਧੌਣ ਨੀਂਵੀ  
ਸੁੱਤੀ ਸਦਾ ਲਈ ਉਹਦੀ ਤਕਦੀਰ ਹੁੰਦੀ।



Sri Satguru Jagjit Singh Ji Elibrary NamdhariElibrary@gmail.com

ਦਸ਼ਮੇਸ਼ ਜੀ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦੇ ਹੋਏ ਚਮਕੌਰ ਵਿੱਚ ਸਿੰਘਾਂ ਦੀ ਅਤੇ ਦਸ਼ਮੇਸ਼ ਜੀ ਦੀ ਗੱਲਬਾਤ ਕੁਝ ਇੰਜ ਬਿਆਨ ਕਰਦੇ ਹਨ:

-

ਸਿੱਖਾਂ ਆਖਿਆ ਇਹ ਮਾਸੂਮ ਬੱਚੇ ਅਜੇ ਹੋਏ ਨਹੀਂ ਜੰਗ ਵਿਚ ਅੜਨ ਜੋਗੇ,
ਅੱਗੋਂ ਹਸ ਕੇ ਕਿਹਾ ਦਸ਼ਮੇਸ਼ ਸਤਿਗੁਰ ਹੋਏ ਲਖਾਂ ਦੇ ਨਾਲ ਨੇ ਲੜਨ ਜੋਗੇ।

-

ਸਿੰਘਾਂ ਦੀ ਕੁਰਬਾਨੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ:-

ਤੇਰੇ ਸਿਦਕ ਦੇ ਵਿੱਚ ਨਹੀਂ ਫ਼ਰਕ ਆਇਆ
ਅੱਖਾਂ ਸਾਹਮਣੇ ਕੋਹੀ ਸੰਤਾਨ ਤੇਰੀ
ਝੋਲੀ ਟੋਟੇ ਪੁਆ ਕੇ ਪੁੱਤਰਾਂ ਦੇ
ਕਿਹਾ ਹਾਏ ਵੀ ਨਹੀਂ ਜ਼ੁਬਾਨ ਤੇਰੀ

ਜਾਂ

ਬੰਦ ਬੰਦ ਕਟਵਾ ਨਾ ਸੀ ਕੀਤੀ

ਆਦਿ।

ਪ੍ਰੀਤ ਜੀ ਦੀ ਕਲਮ ਕਿਤੇ ਤੱਤੀ ਤਵੀ ਦਾ ਤੱਸਵਰ ਕਰਕੇ ਖ਼ੂਨ ਦੇ ਹੰਝੂ ਕੇਰਦੀ ਹੈ ਤੇ ਕਿਤੇ ਕੂਕਿਆਂ ਦੀਆਂ ਕੁਰਬਾਨੀਆਂ ਦੀ ਲਾਸਾਨੀ ਮਿਸਾਲ ਪੇਸ਼ ਕਰਦੀ ਹੈ। ਕਦੇ ਹਿੰਦ ਪਾਕ ਵੰਡ ਦੀ ਤਰਾਸਦੀ ਨੂੰ ਚਿੱਤਰਦੀ ਹੋਈ ਭਰਾਵਾਂ ਦੀ ਦੁਸ਼ਮਣੀ ਨੂੰ ਭੰਡਦੀ ਹੈ।

ਕਾਹਦਾ ਕੀਤਾ ਅਜ਼ਾਦ ਬਰਬਾਦ ਕੀਤਾ
ਵਾਂਗ ਬਕਰੇ ਕੋਹੇ ਨੇ ਦੋਹੀਂ ਪਾਸੀਂ

ਜਾਂ

ਇਕ ਵਿਹੜੇ ਤੇ ਇਕ ਪ੍ਰੀਵਾਰ ਵਿੱਚੋਂ
ਲੜਕੇ ਆਪਸੀ ਮੋਏ ਨੇ ਦੋਹੀਂ ਪਾਸੀਂ

-

ਭਾਈ ਘਨਈਆ ਜੀ ਦਾ ਜ਼ਿਕਰ ਕਰਦਾ ਕਵੀ ਕਹਿੰਦਾ ਹੈ-

ਨਹੀਂ ਵੇਖਦਾ ਸਿੱਖ ਹੈ ਕਿ ਮੋਮਨ
ਪਾਣੀ ਸਭ ਦੇ ਮੂੰਹ ਵਿੱਚ ਪਾਈ ਜਾਂਦੇ

-

ਪੰਜਾਬੀ ਕੁਰਬਾਨੀਆਂ ਵਿੱਚ ਹਮੇਸ਼ਾ ਮੋਹਰੀ ਰਹੇ ਹਨ। ਪ੍ਰੀਤ ਜੀ ਲਿਖਦੇ ਹਨ:-



Sri Satguru Jagjit Singh Ji Elibrary NamdhariElibrary@gmail.com

ਕਿੰਨੇ ਸੂਰਿਆਂ ਫਾਂਸੀਆਂ ਗਲ ਪਾਈਆਂ
ਲੇਖੇ ਜੋਖੇ ਨਹੀਂ ਕਰੇ ਪੰਜਾਬੀਆਂ ਨੇ
ਵਾਰ ਵਾਰ ਸ਼ਹੀਦੀਆਂ ਪਾਣ ਦੇ ਲਈ
ਪੈਰ ਕਤਲ ਗਾਹ ਧਰੇ ਪੰਜਾਬੀਆਂ ਨੇ

–

'ਅਮਨ ਤੇ ਜੰਗ ਕਵਿਤਾ' ਵਿੱਚ ਵੀ ਕਵੀ ਕਹਿੰਦਾ ਹੈ ਕਿ ਅਮਨ ਵੀ ਜ਼ੁਲਮ ਦੇ ਖ਼ਿਲਾਫ਼ ਲੜਿਆਂ ਹੀ ਮਿਲਦਾ ਹੈ:

ਪ੍ਰੀਤ ਨਿਰਾ ਨਾ ਅਮਨ ਦਾ ਪੁੱਤ ਬਣਜਾ
ਅਮਨ ਏਕਤਾ ਲਈ ਹੁਣ ਲੜ ਬੀਬਾ

ਅਤੇ

ਉਹ ਵੀ ਆਪਣੇ ਤੇ ਹੈਨ ਵੀਰ ਸਕੇ
ਵੀਰਾਂ ਨਾਲ ਐਵੇਂ ਕਾਹਨੂੰ ਖਾਰ ਕਰੀਏ
ਭਾਰਤ ਮਾਂ ਦੇ ਅਸੀਂ ਹਾਂ ਪੁੱਤ ਸਾਰੇ
ਪ੍ਰੀਤ ਵਾਂਗ ਭਰਾਵਾਂ ਪਿਆਰ ਕਰੀਏ

ਤੇ ਹੋਰ ਬਹੁਤ ਕੁੱਝ

ਪ੍ਰੀਤ ਜੀ ਨੇ ਕੁਰਬਾਨੀਆਂ ਦੀ ਮਿਸਾਲ ਦੇ ਕੇ ਅੱਜ ਦੇ ਮਨੁੱਖ ਦੀ ਮੁਰਦਾ ਜ਼ਮੀਰ ਨੂੰ ਟੁੰਬਿਆ ਹੈ। ਆਸ ਕਰਦਾ ਹਾਂ ਕਿ ਪ੍ਰੀਤ ਜੀ ਦੀ ਇਹ ਪੁਸਤਕ ਸੱਚੇ ਸੁੱਚੇ ਅਣਖੀ ਤੇ ਸੂਰਬੀਰ ਮਨੁੱਖ ਸਿਰਜਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਏਗੀ। ਪ੍ਰੀਤ ਜੀ ਦੀ ਘਾਲਣਾ ਤੇ ਉਹਨਾਂ ਨੂੰ ਵਧਾਈ ਦੇਂਦਾ ਹੋਇਆ ਉਹਨਾਂ ਦੀ ਕਲਮ ਦੇ ਲੰਮੇਰੇ ਸਫ਼ਰ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ।

ਲਖਵਿੰਦਰ ਸਿੰਘ ਬਾਜਵਾ
ਪਿੰਡ ਤੇ ਡਾਕ ਜਗਜੀਤ ਨਗਰ (ਹਰੀਪੁਰਾ)
ਸਿਰਸਾ। ਮੋਬ: 094167-34506



Sri Satguru Jagjit Singh Ji Elibrary NamdhariElibrary@gmail.com

ਨਾਮ: ਗੁਰਦਿਆਲ ਸਿੰਘ ਢਿੱਲੋਂ 'ਪ੍ਰੀਤ'
ਉਪਨਾਮ : ਢਿੱਲੋਂ ਪ੍ਰੀਤ
ਜਨਮ : (18 ਜਨਵਰੀ) 5 ਮਾਘ ਵੀਰਵਾਰ 1940 ਈ:
ਪਿਤਾ ਦਾ ਨਾਮ : ਸ੍ਰ. ਮੱਘਰ ਸਿੰਘ ਢਿੱਲੋਂ
ਮਾਤਾ ਦਾ ਨਾਮ : ਤੇਜ ਕੌਰ ਸੰਧੂ
ਜਨਮ ਸਥਾਨ : ਪਿੰਡ ਖਾਰਾ, ਜ਼ਿਲ੍ਹਾ ਗੁਜਰਾਂ ਵਾਲਾ (ਪਾਕਿਸਤਾਨ)
ਪਤਾ : ਨਾਈ ਵਾਲਾ, ਰਾਣੀਆਂ (ਸਿਰਸਾ) ਹਰਿਆਣਾ - 125075
ਫੋਨ ਨੰ: 01698-291328, ਮੋਬਾਇਲ: 093556-98845
- ਉਪ ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ, ਸ੍ਰੀ ਜੀਵਨ ਨਗਰ।
- ਤਾਲਮੇਲ ਸਕੱਤਰ ਵੀ।
- ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਕਾਰਜ ਕਾਰਨੀ ਮੈਂਬਰ।

## ਇਸੇ ਕਲਮ ਤੋਂ

ਪ੍ਰੀਤ ਸਨੇਹੜੇ (ਗ਼ਜ਼ਲ-ਸੰਗ੍ਰਹਿ)
ਪ੍ਰੀਤ ਦੀਆਂ ਤੰਦਾਂ (ਗ਼ਜ਼ਲ-ਸੰਗ੍ਰਹਿ)
ਪ੍ਰੀਤ ਕੁਰਬਾਨੀਆਂ (ਕਾਵਿ-ਸੰਗ੍ਰਹਿ)



Sri Satguru Jagjit Singh Ji Elibrary NamdhariElibrary@gmail.com

# (1)

# ਸ਼ਹੀਦਾਂ ਦੀ

ਰਹਿੰਦੇ ਜੱਗ ਤੇ ਉਹਨਾਂ ਦੇ ਨਾਮ ਰੌਸ਼ਨ
ਜ਼ਿੰਦਗੀ ਸਮਝੀ ਸਰਮਾਇਆ ਸ਼ਹੀਦੀਆਂ ਦਾ
ਕੌਮਾਂ ਰਲਕੇ ਉਹਨਾਂ ਨੂੰ ਪੂਜਦੀਆਂ।
ਰੁਤਬਾ ਜਿਨ੍ਹਾਂ ਨੇ ਪਾਇਆ ਸ਼ਹੀਦੀਆਂ ਦਾ
ਉਹਨਾਂ ਵੱਲ ਨੇ ਮੰਜ਼ਲਾਂ ਆਪ ਆਈਆਂ
ਵੱਲ ਜਿਨਾਂ ਨੂੰ ਆਇਆ ਸ਼ਹੀਦੀਆਂ ਦਾ
ਰਹੀ ਸਫ਼ਲਤਾ ਉਹਨਾਂ ਦੇ ਪੈਰ ਚੁੰਮਦੀ
ਰੁਤਬਾ ਜਿਨਾ ਨੇ ਪਾਇਆ ਸ਼ਹੀਦੀਆਂ ਦਾ

ਅਣਖ ਗ਼ੈਰਤ ਨੇ ਭਰੀ ਅੰਗੜਾਈ ਜਦੋਂ
ਫੜੀ ਹੱਥ ਦੇ ਵਿੱਚ ਤਲਵਾਰ ਵੇਖੀ
ਆਕੇ ਗਰਜੇ ਸ਼ੀ ਜਦੋਂ ਮੈਦਾਨ ਅੰਦਰ
ਅੱਗੇ ਵੈਰੀਆਂ ਦੀ ਭਜਦੀ ਡਾਰ ਵੇਖੀ
ਘਰੋਂ ਸਬਕ ਸ਼ਹੀਦੀ ਦਾ ਪੜ੍ਹ ਤੁਰ ਪਏ
ਉਹਨਾਂ ਕਦੀ ਨਹੀਂ ਰਣ ਵਿੱਚ ਹਾਰ ਵੇਖੀ
ਦੇਸ਼ ਕੌਮ ਲਈ ਡੁੱਲ ਜੋ ਕਤਲ ਹੋਏ
ਓਸੇ ਕੌਮ ਦੇ ਬਾਗੀਂ ਬਹਾਰ ਵੇਖੀ

ਚਮਕੇ ਬਣ ਸੂਰਜ ਜ਼ੁਲਮੀ ਰਾਤ ਅੰਦਰ
ਧੰਨ ਮਾਵਾਂ ਉਹ ਜਿਨਾਂ ਨੇ ਨੂਰ ਜੰਮੇ
ਜ਼ੁਲਮ ਵੇਖ ਕੇ ਜਿਨਾਂ ਵਿੱਚ ਅਣਖ ਜਾਗੀ
ਹੀਰੇ ਲਾਲ ਅਨਮੋਲ ਕੋਹੇਨੂਰ ਜੰਮੇ
ਕੋਈ ਵਿਰਲਾ ਹੀ ਭਗਤ ਸਿੰਘ ਜੰਮਦਾ ਏ



Sri Satguru Jagjit Singh Ji Elibrary NamdhariElibrary@gmail.com

ਬੜੀਆ ਰਾਣੀਆਂ ਘਰੇ ਨੇ ਪੁਰ ਜੰਮੇ
ਨਵੀਂ ਪੀੜ੍ਹੀ ਨੂੰ ਦੱਸ੍ਹ ਇਤਿਹਾਸ ਸਾਡਾ
ਕੋਹੜੀ ਕੌਮ ਵਿੱਚ ਕਿੰਨੇ ਮੰਨਸੂਰ ਜੰਮੇ

ਕਾਣੀ ਵੰਡ ਕਰਕੇ ਵੰਡਣ ਦੇਸ਼ ਆਪਣਾ
ਥਾਂ ਅਮਨ ਦੀ ਛੇੜਦੇ ਜੰਗ ਪਏ ਨੇ
ਬੇਗੁਨਾਹ ਮਸੂਮਾਂ ਦੀ ਰੱਤ ਚੋ ਚੋ
ਵਰਕੇ ਫੇਰ ਇਤਿਹਾਸ ਦੇ ਰੰਗ ਲਏ ਨੇ
ਤਾਣ ਛਾਤੀਆਂ ਚਲਦੇ ਸਮੇਂ ਕੋਲੋਂ
ਹੱਕ ਵਾਲਿਆਂ ਨੇ ਹੱਕ ਮੰਗ ਲਏ ਨੇ
ਏਨ੍ਹਾਂ ਲੋਕਾਂ ਨੇ ਆਪਣੇ ਸਿਰਾਂ ਉੱਤੇ
ਮਰ ਮਿਟਣ ਖਾਤਰ ਕਫ਼ਨ ਟੰਗ ਲਏ ਨੇ

ਅੱਜ ਫੇਰ ਨੇ ਸਮੇਂ ਦੇ ਢੋਲ ਵੱਜੇ
ਉਹ ਕੋਈ ਜੋਧਾ ਡੌਂਗਾ ਲਾਣ ਵਾਲਾ
ਏਨਾਂ ਨਾਦਰਾਂ ਅਤੇ ਅਬਦਾਲੀਆਂ ਨੂੰ
ਜੰਮ ਪਊ ਜਹੰਨਮ ਪੁਚਾਣ ਵਾਲਾ
ਚੜ੍ਹਿਆ ਵੈਰ ਹਨੇਰੀ ਦੇ ਬੁੱਲਿਆਂ ਚੋਂ
ਗੁੱਡੀ ਪਿਆਰ ਅਸਮਾਨ ਚੜ੍ਹਾਣ ਵਾਲਾ
ਏਹਨਾਂ ਸੂਰਿਆਂ ਕੌਮੀ ਪ੍ਰਵਾਨਿਆਂ ਨੂੰ
ਜੰਮਿਆਂ ਨਹੀਂ ਵੰਗਾਰ ਕੇ ਜਾਣ ਵਾਲਾ

ਇਸ਼ਕ ਜਿਨ੍ਹਾਂ ਨੂੰ ਰੰਗ ਸਿਆਲ ਦਾ ਏ
ਉਹ ਨਹੀਂ ਤੱਕਦੇ ਤਖ਼ਤ ਹਜ਼ਾਰਿਆਂ ਨੂੰ
ਕੱਚਾ ਘੜਾ ਵੀ ਲੈ ਕੇ ਠਿਲ ਪੈਂਦੇ
ਪੁੱਠੇ ਪਰਤਦੇ ਨਹੀਂ ਕਿਨਾਰਿਆਂ ਨੂੰ
ਖੁਰੇ ਡਾਚੀ ਦੇ ਭਾਲਦੇ ਤੁਰ ਪੈਂਦੇ
ਮਿਲਣ ਥਲਾਂ 'ਚ ਮਿੱਤਰ ਪਿਆਰਿਆਂ ਨੂੰ
ਹੱਸ ਹੱਸ ਕੇ ਸਦਾ ਕਬੂਲ ਕੀਤਾ
ਕਦੀ ਚਰਖੀਆਂ ਨੂੰ ਕਦੀ ਆਰਿਆਂ ਨੂੰ



Sri Satguru Jagjit Singh Ji Elibrary NamdhariElibrary@gmail.com

ਜੇਹੜੀ ਕੌਮ ਦਾ ਰੌਸ਼ਨ ਇਤਹਾਸ ਹੀ ਨਹੀਂ
ਓਸ ਕੌਮ ਦੀ ਮੁਰਦਾ ਜ਼ਮੀਰ ਹੁੰਦੀ
ਉਹਦੀ ਪੱਗ ਦਾਗੀ ਉਹਦੀ ਧੌਣ ਨੀਵੀਂ
ਸੁੱਤੀ ਸਦਾ ਲਈ ਉਹਦੀ ਤਕਦੀਰ ਹੁੰਦੀ
ਇੱਜ਼ਤ ਸਦਾ ਉਹਦੀ ਮਿੱਟੀ ਵਿੱਚ ਰੁਲਦੀ
ਸਣੇ ਪੱਗ ਚੁੰਨੀ ਲੀਰੋ ਲੀਰ ਹੁੰਦੀ
ਓਸ ਕੌਮ ਦਾ ਲੋਕਾਂ ਕੀ ਨਾਂ ਲੈਣੈ
ਨਾਂ ਕਬਰ ਨਾਂ ਮੜੀ ਅਖੀਰ ਹੁੰਦੀ

ਜ਼ਿੰਦਾ ਰਹਿੰਦੀਆਂ ਜੱਗ ਤੇ ਓਹ ਕੌਮਾਂ
ਜ਼ੁਲਮ ਵੇਖ ਕੇ ਸੀਨੇ ਵਿੱਚ ਸੱਲ ਪੈ ਜਾਏ
ਖੂਨ ਖੌਲ ਉਠੇ ਵਿੱਚ ਡੌਲਿਆਂ ਦੇ
ਮਰਨ ਮਾਰਨ ਦਾ ਅੰਦਰ ਤਰਥੱਲ ਪੈ ਜਾਏ
ਮੁੱਲ ਪੈਂਦਾ ਏ ਸਦਾ ਇਤਹਾਸ ਅੰਦਰ
ਦੇਸ਼ ਕੌਮ ਲਈ ਮਰਨ ਦਾ ਵੱਲ ਪੈ ਜਾਏ
ਪ੍ਰੀਤ ਪੈਂਦਾ ਏ ਮੁੱਲ ਕੁਰਬਾਨੀਆਂ ਦਾ
ਭਾਹੇ ਅੱਜ ਪੈ ਜਾਏ ਭਾਹੇ ਕੱਲ੍ਹ ਪੈ ਜਾਏ



Sri Satguru Jagjit Singh Ji Elibrary NamdhariElibrary@gmail.com

## (2)

# ਸਿੱਖ ਅਤੇ ਸਿੱਖੀ

ਨਾਲ ਸਿਦਕ ਦੇ ਸਿੱਖਾ ਤੂੰ ਸਦਾ ਸਿੱਖੀਂ,
ਸਿੱਖੀ ਰਹੇਗੀ ਸਿੱਖਾ ਅਬਾਦ ਤੇਰੀ।
ਗੁਰੂ ਨਾਨਕ ਦੀ ਸਿੱਖੀ ਨੂੰ ਥਾਪਨਾ ਏ,
ਸਿੱਖੀ ਏਸ ਲਈ ਰਹੇਗੀ ਸ਼ਾਦ ਤੇਰੀ।
ਕਰਨਾ ਚਾਹੁੰਦੇ ਰਹੇ ਸਦਾ ਗੁਲਾਮ ਸਿੱਖੀ,
ਸਿੱਖੀ ਹੋ ਕੇ ਰਹੀ ਅਜ਼ਾਦ ਤੇਰੀ।
ਵੱਧਦੀ ਰਹੀ ਏ ਸਦਾ ਹੀ ਸ਼ਾਨ ਤੇਰੀ,
ਕਰਦੇ ਰਹੇ ਨੇ ਸ਼ਾਨ ਬਰਬਾਦ ਤੇਰੀ।
ਲਾਹਕੇ ਖੋਪਰੀ ਬੰਦ ਬੰਦ ਰਹੇ ਕੱਟਦੇ,
ਚਰਖੀਆਂ ਆਰਿਆਂ ਨਾਲ ਅਜ਼ਮਾਇਆ ਗਿਆ।
ਤੇਰਾ ਹੌਸਲਾ ਪਰਖਣ ਲਈ ਗੁਰ ਸਿੱਖਾ
ਦੇਗਾਂ ਤੱਤੀਆਂ ਵਿੱਚ ਬੈਠਾਇਆ ਗਿਆ।

ਭਾਣਾ ਮੰਨ ਕੇ ਰੱਬ ਦਾ ਤਵੀ ਉੱਤੇ,
ਕਰਨੀ ਸਬਰ ਦੀ ਸਿੱਖੀ ਏ ਜੰਗ ਸਿੱਖਾ।
ਵਿੱਚ ਦਿੱਲੀ ਦੇ ਚਾਂਦਨੀ ਚੌਕ ਅੰਦਰ,
ਮਰਕੇ ਜਿਉਣ ਦਾ ਦੱਸਿਆ ਢੰਗ ਸਿੱਖਾ।
ਬਾਜਾਂ ਵਾਲੇ ਨੇ ਵਾਰ ਕੇ ਲਾਲ ਚਾਰੇ,
ਲਿਖਿਆ ਹਾਲ ਫਕੀਰਾਂ ਦਾ ਬੰਗ ਸਿੱਖਾ।
ਪਿੱਛੋਂ ਫੇਰ ਦਸ਼ਮੇਸ਼ ਦੇ ਖਾਲਸੇ ਨੂੰ,
ਚੋਨੀ ਵਾਲੇ ਨੇ ਚਾੜ੍ਹਿਆ ਰੰਗ ਸਿੱਖਾ।
ਦਿੱਤੀ ਅੰਮ੍ਰਿਤ ਦੀ ਦਾਤ ਦਸ਼ਮੇਸ਼ ਜੀ ਨੇ,
ਮੁਰਦਾ ਰੂਹਾਂ ਵਿੱਚ ਭਰੀ ਏ ਕਣੀ ਸਿੱਖਾ।



Sri Satguru Jagjit Singh Ji Elibrary NamdhariElibrary@gmail.com

ਚੜ੍ਹਦੀ ਕਲਾ ਵਿੱਚ ਰੱਖਦੀ ਸਦਾ ਤੈਨੂੰ,
ਦਿੱਤੀ ਨਾਨਕ ਗੁਰ ਮੰਤਰ ਦੀ ਮਣੀ ਸਿੱਖਾ।

ਜ਼ੁਲਮ ਜਬਰ ਅੱਗੇ ਅੜਣਾ ਜਾਣਦਾ ਏਂ
ਤੇਗਾਂ ਖੁੰਢੀਆਂ ਕਰਨੀਆਂ ਜਾਣਦਾ ਏਂ
ਏਸ ਲਈ ਨਹੀਂ ਕਿਸੇ ਦੀ ਈਨ ਮੰਨਦਾ
ਹੱਸ ਮੁਸ਼ਕਲਾਂ ਜਰਨੀਆਂ ਜਾਣਦਾ ਏਂ
ਜੋਤ ਅਣਖ ਦੀ ਕਦੀ ਨਾਂ ਦਏ ਬੁਝਣ
ਤੇਲ ਚਰਬੀਆਂ ਭਰਨੀਆਂ ਜਾਣਦਾ ਏਂ
ਝਖੜ ਝਾਂਜਿਆਂ ਰਾਤਾਂ ਹਨ੍ਹੇਰੀਆਂ 'ਚ
ਖੂੰਨੀ ਨਦੀਆਂ ਤਰਨੀਆਂ ਜਾਣਦਾ ਏਂ
ਜਾਨ ਧਰਮ ਖਾਤਰ ਲੇਖੇ ਲਾਣ ਦੇ ਲਈ
ਰਿਹਾ ਮੌਤ ਨੂੰ ਮੁੱਢੋਂ ਵੰਗਾਰਦਾ ਤੂੰ
ਰਾਜੇ ਰਾਣਿਆਂ ਅੱਗੇ ਨਹੀਂ ਕਦੇ ਝੁਕਿਆ
ਦੇਸ਼ ਕੌਮ ਨੂੰ ਰਿਹਾ ਪਿਆਰਦਾ ਤੂੰ

ਬੇੜੀ ਸਿਦਕ ਦੀ ਰਹੀ ਅਡੋਲ ਤੇਰੀ
ਵੈਰੀ ਕਰਦੇ ਰਹੇ ਭਾਵੇਂ ਨੁਕਸਾਨ ਤੇਰੇ
ਪਾਂਦੇ ਰਹੇ ਨੇ ਸਿਰਾਂ ਦੇ ਮੁੱਲ ਤੇਰੇ
ਟੋਟੇ ਜਿਗਰ ਦੇ ਹੋਏ ਕੁਰਬਾਨ ਤੇਰੇ
ਸਦਾ ਵਿੱਚ ਕੁਰਬਾਨੀਆਂ ਪਾਸ ਆਇਉਂ
ਲੱਖਾਂ ਵਾਰ ਹੋਏ ਇਮਤਿਹਾਨ ਤੇਰੇ
ਜਿੰਨ੍ਹਾਂ ਅੰਮ੍ਰਿਤ ਦਾ ਇੱਕ ਵੀ ਘੁੱਟ ਪੀਤਾ
ਡੋਲੇ ਨਹੀਂ ਉਹ ਸਿੰਘ ਜਵਾਨ ਤੇਰੇ
ਤੇਰੇ ਸਿਦਕ ਦੇ ਵਿੱਚ ਨਹੀਂ ਫਰਕ ਆਇਆ
ਅੱਖਾਂ ਸਾਹਮਣੇ ਕੋਹੀ ਸੰਤਾਨ ਤੇਰੀ
ਝੋਲੀ ਟੋਟੇ ਪੁਆ ਕੇ ਪੁੱਤਰਾਂ ਦੇ
ਕਿਹਾ ਹਾਏ ਵੀ ਨਹੀਂ ਜ਼ਬਾਨ ਤੇਰੀ

ਸਿੱਖਾ ਸਿੱਖੀ ਦਾ ਕੋਈ ਜੇ ਇਤਹਾਸ ਪੁਛੇ
ਉਹਨੂੰ ਆਖੀਂ ਇਤਹਾਸ ਦੀ ਲੜੀ ਤੋਂ ਪੁੱਛ



Sri Satguru Jagjit Singh Ji Elibrary NamdhariElibrary@gmail.com

ਜਾ ਜਾਕੇ ਪੁੱਛ ਲਹੌਰ ਦੇ ਕਿਲੇ ਕੋਲੋਂ
ਸੜੀ ਵਾਂਗ ਕਿਸਮਤ ਵੀ ਸੜੀ ਤੋਂ ਪੁੱਛ
ਪੁੱਛ ਜਾ ਕੇ ਚਾਂਦਨੀ ਚੌਕ ਕੋਲੋਂ
ਅਨੰਦਪੁਰ ਚਮਕੌਰ ਦੀ ਗੜ੍ਹੀ ਤੋਂ ਪੁੱਛ
ਮੁਕਤਸਰ ਸਭਰਾਵਾਂ ਜਮਰੌਦ ਤੋਂ ਪੁੱਛ
ਕੱਲਰ ਕੋਟਲੇ ਦੀ ਖੂੰਨੀ ਰੜੀ ਤੋਂ ਪੁੱਛ
ਕਾਲੇ ਪਾਣੀਆਂ ਦੀ ਜਾਂ ਜੇਲ੍ਹ ਤੋਂ ਪੁੱਛ
ਜਾਂ ਕੰਧ ਸਰਹੰਦ ਦੀ ਖੜ੍ਹੀ ਤੋਂ ਪੁੱਛ
ਸਿੱਖੀ ਲਈ ਨੇ ਜਿੱਥੇ ਸ਼ਹੀਦ ਹੋਏ
ਪ੍ਰੀਤ ਪੁੱਛ, ਸ਼ਹੀਦਾਂ ਦੀ ਮੜ੍ਹੀ ਤੋਂ ਪੁੱਛ



Sri Satguru Jagjit Singh Ji Elibrary NamdhariElibrary@gmail.com

(3)

# ਬਿਸ਼ਨ ਸਿੰਘ ਦੀ ਸ਼ਹੀਦੀ

ਮੇਮ ਆਖਿਆ ਕਾਵਨ ਦੇ ਕੋਲ ਆ ਕੇ
ਇਹ ਮਾਸੂਮ ਬੱਚਾ ਏ, ਨਾਦਾਨ ਬੱਚਾ
ਸੋਹਣੀ ਵੇਖ ਸੂਰਤ ਮੈਨੂੰ ਤਰਸ ਆਇਆ।
ਉਮਰ ਵੱਲੋਂ ਨਹੀਂ ਹੋਇਆ ਜਵਾਨ ਬੱਚਾ
ਮੇਰਾ ਦਿਲ ਏਹਦੇ ਉਤੇ ਡੁੱਲ ਗਿਆ।
ਮੇਰੀ ਜਿੰਦ ਤੇ ਮੇਰੀ ਏ ਜਾਨ ਬੱਚਾ
ਕਾਵਨ ਏਸ ਦੀ ਜ਼ਿੰਦਗੀ ਬਖਸ਼ ਦਿਉ
ਨਾਲ ਸਾਥ ਨਾ ਹੋਵੇ ਕੁਰਬਾਨ ਬੱਚਾ

ਗੱਲ ਮੇਮ ਦੀ ਸੁਣਕੇ ਕਿਹਾ ਕਾਵਨ
ਕਿਵੇਂ ਵੈਰੀ ਨੂੰ ਬਖਸ਼ਾਂ ਮੈਦਾਨ ਵਿੱਚੋਂ
ਅੱਗੇ ਤੋਪ ਦੇ ਏਹਨੂੰ ਖਲਾਰਸਾਂ ਮੈਂ
ਏਹਦੇ ਪਿੰਜਰ ਦੇ ਕੱਢਾਂਗਾ ਜਾਨ ਵਿੱਚੋਂ
ਗੁਰੂ ਰਾਮ ਸਿੰਘ ਦਾ ਕਹਿ ਦਵੇ ਸਿੱਖ ਨਾਹੀ
ਦੇਵੇ ਇਹ ਬਿਆਨ ਜ਼ਬਾਨ ਵਿੱਚੋਂ
ਇਹ ਗੱਲ ਮੇਰੀ ਜੇਕਰ ਨਾ ਮੰਨੀ
ਹੁਣੇ ਘੱਲਾਂਗਾ ਏਸ ਜਹਾਨ ਵਿੱਚੋਂ

ਕਿਹਾ ਮੇਮ ਨੇ ਬਿਸ਼ਨ ਸਿੰਘ ਕੋਲ ਜਾ ਕੇ
ਕਹਿ ਦੇ ਸਿੱਖ ਮੈਂ ਨਹੀਂ ਉਹ ਗੁਰੂ ਮੇਰਾ
ਏਹਨਾ ਕੂਕਿਆਂ ਦੀ ਏਹਨਾਂ ਬਾਗੀਆਂ ਦੀ
ਵਿੱਚੋਂ ਲਿਸਟ ਕਢਾਦਿਆਂ ਨਾਮ ਤੇਰਾ
ਅੱਗੋਂ ਗਰਜਕੇ ਬਿਸ਼ਨ ਸਿੰਘ ਕਿਹਾ ਦੇਦਾਂ



Sri Satguru Jagjit Singh Ji Elibrary NamdhariElibrary@gmail.com

ਗੱਲ ਕਹਿਣ ਦਾ ਕਿਵੇਂ ਈ ਪਿਆ ਜੇਰਾ
ਸਿੱਖ ਰਹਾਂਗਾ ਸਤਿਗੁਰੂ ਰਾਮ ਸਿੰਘ ਦਾ
ਤੇਰਾ ਕਰਾਂਗੇ ਬਿਲਿਆ ਕੂਚ ਡੇਰਾ

ਗੱਲ ਦੱਸਣੀ ਮੇਮ ਮੈਂ ਕਾਵਨ ਦੇ ਕੰਨ
ਗੱਲ ਸੁਣਲੈ ਕਾਵਨਾ ਪਿਆਰ ਦੇ ਨਾਲ
ਫੁੱਲ ਸਮਝ ਕੇ ਮੈਨੂੰ ਤੂੰ ਹੱਥ ਪਾਇਆ।
ਮੱਥਾ ਲਗ ਗਿਆ ਤੇਰਾ ਹੁਣ ਖਾਰ ਦੇ ਨਾਲ
ਦੋਵਾਂ ਹੱਥਾਂ ਨਾਲ ਘੁੱਟਕੇ ਫੜ੍ਹੀ ਦਾਹੜੀ
ਹੱਥਾਂ ਦੋਵਾਂ ਤੋਂ ਛੁਟੀ ਤਲਵਾਰ ਦੇ ਨਾਲ
ਤਵਾਰੀਖ ਜ਼ਮਾਨੇ ਨੂੰ ਦਸਦੀ ਰਹੂ
ਕਿਵੇਂ ਬੀਤੀ ਸੀ ਕਾਵਨ ਗ਼ਦਾਰ ਦੇ ਨਾਲ

ਸਾਡਾ ਸਬਰ ਅਜ਼ਮਾਇਆ ਤੂੰ ਕਾਵਨਾ ਵੇ
ਤੇਰੇ ਜਬਰ ਅੱਗੇ ਅਸੀਂ ਤਣੇ ਹੋਏ ਆਂ
ਸਬਰ ਜਬਰ ਦੀ ਲੱਗੀ ਏ ਜੰਗ ਏਥੇ
ਵਰਣ ਮੌਤ ਲਾੜੀ ਆਏ ਘਣੇ ਹੋਏ ਆਂ
ਅਸੀਂ ਸਿੱਖ ਹਾਂ ਸਤਿਗੁਰੂ ਰਾਮ ਸਿੰਘ ਦੇ
ਭਾਗਾਂ ਵਾਲੜੀ ਮਾਂ ਦੇ ਜਣੇ ਹੋਏ ਆਂ।
ਸਾਨੂੰ ਬਾਲ ਅੰਞਾਣੇ ਨਾ ਸਮਝ ਬੈਠੀਂ
ਅਸੀਂ ਨਿਰੇ ਫੌਲਾਦ ਦੇ ਬਣੇ ਹੋਏ ਆਂ।

ਕੰਦ ਮਧਰਾ ਇੱਟਾਂ ਦੀ ਲਾ ਢੇਰੀ
ਕੀਤੀ ਗੱਲ ਵਰਿਆਮ ਪਛਾਣ ਦੀ ਏ
ਵਾਹ. ਕਾਵਨਾਂ ਤੇਰੇ ਤੋਂ ਜਾਂ ਸਦਕੇ
ਤੂੰ ਮੌਤ ਲੱਭੀ ਸਾਡੇ ਹਾਣ ਦੀ ਏ
ਇਸ਼ਕ ਹੋ ਗਿਆ ਮੌਤ ਦੇ ਨਾਲ ਸਾਡਾ
ਖਾਹਸ਼ ਦਿਲ ਨੂੰ ਮੌਤ ਵਿਆਹਣ ਦੀ ਏ
ਅਸੀਂ ਮਰਕੇ ਜੰਮਾਂਗੇ ਫੇਰ ਏਥੇ
ਤੂੰ ਕਰ ਚਿੰਤਾ ਲੰਡਨ ਜਾਣ ਦੀ ਏ



Sri Satguru Jagjit Singh Ji Elibrary NamdhariElibrary@gmail.com

ਕੰਨ ਖੋਹਲਕੇ ਸੁਣ ਲੈ ਬਿੱਲਿਆ ਵੇ
ਮੁੱਲ ਆਖਰ ਨੂੰ ਸੱਚ ਦਾ ਸੱਚ ਪੈਣੈ
ਹੀਰੇ ਲਾਲਾਂ ਸ਼ਹੀਦਾਂ ਦਾ ਮੁੱਲ ਵੱਖਰਾ
ਤੇਰਾ ਕੱਚਿਆ ਮੁੱਲ ਹੀ ਕੱਚ ਪੈਣੈ
ਉਡੀਆਂ ਅਰਸ਼ ਚੰਗਿਆੜੀਆਂ ਕੋਟਲੇ 'ਚੋਂ
ਸਦਾ ਭਾਬੜ ਬਣਕੇ ਏਹਨਾਂ ਮੱਚ ਪੈਣੈ
ਕੀਤੇ ਕੋਟਲੇ ਜੇਹੜੇ ਸ਼ਹੀਦ ਕੂਕੇ,
ਸਾਰੇ ਭਾਰਤ ਅੰਦਰ ਏਹਨਾਂ ਨੱਚ ਪੈਣੈ

ਦਿਲ ਦੇ ਕਰ ਲੈ ਸਾਰੇ ਅਰਮਾਨ ਪੂਰੇ
ਕੋਈ ਦਿਲ 'ਚ ਹੋਰ ਅਰਮਾਨ ਹੋਣੈ
ਤੇਰੇ ਪਰਚੇ ਦਾ ਅਸੀਂ ਜੁਆਬ ਦੇਦੀਏ
ਰੋਜ਼ ਰੋਜ਼ ਕਿਹੜਾ ਇਮਤਿਹਾਨ ਹੋਣੈ
ਤੇਰੇ ਜ਼ੁਲਮ ਨੇ ਜਿਉਂ ਜਿਉਂ ਦਬਾਣਾ ਸਾਨੂੰ
ਸਾਡੀ ਅਣਖ ਨੇ ਤਿਉਂ ਤਿਉਂ ਜਵਾਨ ਹੋਣੈ
ਪ੍ਰੀਤ ਲੇਖੇ ਅਜ਼ਾਦੀ ਦੇ ਜਦੋਂ ਲੱਗੇ
ਫੇਰ ਗੁਰਾਂ ਦੇ ਤਾਂਈ ਪ੍ਰਵਾਨ ਹੋਣੈਂ



Sri Satguru Jagjit Singh Ji Elibrary NamdhariElibrary@gmail.com

# (4)

# ਸ਼ਹੀਦਾਂ ਦੀ ਕੌਮ

ਗਿਣਿਆਂ ਕੌਮਾਂ ਸੰਸਾਰ ਦੀਆਂ ਪਤਾ ਲਗਦੈ
ਚੰਨ ਚੜ੍ਹੇ ਤੇ ਚੜ੍ਹੇ ਉਸ ਈਦ ਕਿੰਨੇ
ਦੇਸ਼ ਕੌਮ ਤੋਂ ਵਾਰਨ ਲਈ ਜਾਨ ਆਪਣੀ
ਕਤਲ ਗ਼ਾਹੋਂ ਕਟਾਈ ਰਸੀਦ ਕਿੰਨੇ
ਸਿੱਖ ਕੌਮ ਸ਼ਹਾਦਤ ਚ ਪਾਸ ਹੋ ਗਈ
ਗਿਣਤੀ ਵਿੱਚ ਨਹੀਂ ਆਉਂਦੇ ਮੁਰੀਦ ਕਿੰਨੇ
ਭਾਵੇਂ ਤਾਰੇ ਅਕਾਸ਼ ਦੇ ਗਿਣੇ ਜਾਵਣ
ਗਿਣੇ ਜਾਂਦੇ ਨਹੀਂ ਹੋਏ ਸ਼ਹੀਦ ਕਿੰਨੇ

ਸੇਵਾ ਸਿਦਕ ਤੇ ਹੌਸਲਾ ਨਾਮ ਸਿਮਰਨ
ਮਿਲੀਆਂ ਗੁਰਾਂ ਤੋਂ ਚੰਗੀਆਂ ਆਦਤਾਂ ਨੇ
ਦੇਸ਼ ਕੌਮ ਦਾ ਰੱਖਿਆ ਸਿਰ ਉੱਚਾ
ਕਰੀਆਂ ਮੌਤ ਨੂੰ ਉਹਨਾਂ ਇਬਾਦਤਾਂ ਨੇ
ਲੜਨਾ ਕੌਮ ਖਾਤਰ ਮਰਨਾ ਧਰਮ ਖਾਤਰ
ਪਈਆਂ ਮੁੱਖ ਤੋਂ ਇਹੋ ਹੀ ਆਦਤਾਂ ਨੇ
ਮਰਜੀਵੜਿਆਂ ਦਾ ਜਿੱਥੇ ਖੂਨ ਡੁੱਲ੍ਹਾ
ਲਿਆਈਆਂ ਉਸ ਥਾਂ ਰੰਗ ਸ਼ਹਾਦਤਾਂ ਨੇ

ਭਗਤੀ ਸ਼ਾਂਤੀ ਕੁਰਬਾਨੀ ਤੇ ਅਣਖ ਗੈਰਤ
ਮਿਲੀ ਵਿਰਸੇ 'ਚੋਂ ਜਿਸ ਨੂੰ ਰਾਸ ਹੋਵੇ
ਉਹ ਕੌਮ ਤੇ ਕਦੇ ਨਹੀਂ ਡੋਲ ਸਕਦੀ
ਜੀਹਦਾ ਪੁਰਖਿਆਂ ਉਤੇ ਵਿਸ਼ਵਾਸ ਹੋਵੇ
ਜਿਸ ਕੌਮ ਦਾ ਹੋਵੇ ਵਿਸ਼ਵਾਸ ਜ਼ਿੰਦਾ



Sri Satguru Jagjit Singh Ji Elibrary NamdhariElibrary@gmail.com

ਉਹਦਾ ਮਾਨ ਹੋਵੇ ਉਹਦੀ ਆਸ ਹੋਵੇ
ਨਹੀਂ ਜੰਮਿਆ ਉਹਨੂੰ ਮਿਟਾਣ ਵਾਲਾ
ਜਿਸ ਕੌਮ ਦਾ ਜ਼ਿੰਦਾ ਇਤਿਹਾਸ ਹੋਵੇ

ਜਿਸ ਕੌਮ ਦਾ ਜਿੰਦਾ ਇਤਿਹਾਸ ਆਪਣਾ
ਉਹ ਕੌਮ ਤਾਂ ਕਦੇ ਨਹੀਂ ਮਰ ਸਕਦੀ
ਜੇਹੜੀ ਕੌਮ ਵਿੱਚ ਹੋਣ ਸਿਰਲੱਥ ਸੂਰੇ
ਉਹ ਕੌਮ ਨਹੀਂ ਕਿਸੇ ਤੋਂ ਡਰ ਸਕਦੀ
ਜਿਸ ਕੌਮ ਨੂੰ ਮਰਨ ਦਾ ਚਾ ਹੋਵੇ
ਕਦੀ ਵਿੱਚ ਮੈਦਾਨ ਨਹੀਂ ਹਰ ਸਕਦੀ
ਗੁੜ੍ਹਤੀ ਮਿਲੀ ਏ ਜਿੰਨ੍ਹ ਕੁਰਬਾਨੀਆਂ ਦੀ
ਉਹ ਗ਼ੈਰ ਦਾ ਪਾਣੀ ਨਹੀਂ ਭਰ ਸਕਦੀ

ਜਿਸ ਕੌਮ ਨੇ ਦੇਸ਼ ਤੇ ਧਰਮ ਖਾਤਰ
ਮਰ ਮਿਟਣ ਦਾ ਸਿੱਖਿਆ ਵੱਲ ਹੋਵੇ
ਜਿਸ ਨੇ ਮੌਤ ਨੂੰ ਜ਼ਿੰਦਗੀ ਸਮਝ ਲਿਆ
ਉਹਦੀ ਵਿੱਚ ਇਤਹਾਸਾਂ ਦੇ ਗੱਲ ਹੋਵੇ
ਉਹ ਕੌਮ ਨਹੀਂ ਟਿਕ ਕੇ ਬਹਿ ਸਕਦੀ
ਅੰਦਰ ਦੇਸ਼ ਪਿਆਰ ਦਾ ਛੱਲ ਹੋਵੇ
ਆਖ਼ਰਕਾਰ ਉਸ ਕੌਮ ਦੀ ਜਿੱਤ ਹੁੰਦੀ
ਚਾਹੇ ਅੱਜ ਹੋਵੇ ਚਾਹੇ ਕੱਲ੍ਹ ਹੋਵੇ

ਤੱਤੀ ਤਵੀ ਤੇ ਹੋਣਾ ਸ਼ਹੀਦ ਸਿੱਖਿਆ
ਮਿੱਠਾ ਕਰ ਭਾਣਾ ਜਰਨਾ ਆਇਆ ਸਾਨੂੰ
ਕਦੀ ਚਰਖੀਆਂ ਤੇ ਕਦੀ ਆਰਿਆਂ ਤੇ
ਧਰਮ ਲਈ ਦਿੱਲੀ ਮਰਨਾ ਆਇਆ ਸਾਨੂੰ
ਬੰਦ ਬੰਦ ਕਟਵਾਏ ਨਾ ਸੀ ਕੀਤੀ
ਇਸ਼ਕ ਮੌਤ ਨਾਲ ਕਰਨਾ ਆਇਆ ਸਾਨੂੰ
ਸਿੱਖੀ ਧਰਮ ਲਈ ਜ਼ਾਲਮ ਦੇ ਖ਼ੂੰਨ ਦਾ ਹੀ
ਵਾਰ ਵਾਰ ਖੱਪਰ ਭਰਨਾ ਆਇਆ ਸਾਨੂੰ



Sri Satguru Jagjit Singh Ji Elibrary NamdhariElibrary@gmail.com

ਵਿੱਚ ਜੰਗ ਦੇ ਹੋਣਾ ਸ਼ਹੀਦ ਸਿੱਖਿਆ
ਵਾਰੀਆਂ ਨੀਹਾਂ ਦੇ ਵਿੱਚ ਜਵਾਨੀਆਂ ਨੇ
ਕੱਲਰ ਕੋਟਲੇ ਖੜ੍ਹਕੇ ਤੋਪ ਸਾਂਹਵੇਂ
ਹੱਸ ਹੱਸ ਕੇ ਦਿੱਤੀਆਂ ਕੁਰਬਾਨੀਆਂ ਨੇ
ਬਾਗ ਜੱਲ੍ਹਿਆਂ ਵਾਲੇ ਜੋ ਵਾਰ ਕੀਤਾ
ਉਕਰੀਆਂ ਕੰਧ ਤੇ ਉਵੇਂ ਨਿਸ਼ਾਨੀਆਂ ਨੇ
ਰੱਸੇ ਫਾਂਸੀ ਦੇ ਚੁੰਮ ਕੇ ਦੱਸਿਆ ਏ
ਸਾਡੇ ਜੋਧਿਆਂ ਨੇ ਸਾਡੇ ਬਾਨੀਆਂ ਨੇ

ਆਪਣੇ ਬਲ ਤੇ ਜਿਉਂਦੀ ਹੈ ਕੌਮ ਜੇਹੜੀ
ਉਹਦਾ ਸਦਾ ਈ ਜੱਗ ਵਿੱਚ ਮਾਨ ਹੁੰਦੈ
ਉਹ ਕੌਮ ਦੁਹਰਾਂਦੀ ਇਤਹਾਸ ਆਪਣਾ
ਜੀਹਦਾ ਅਣਖ ਤੇ ਗ਼ੈਰਤ ਈਮਾਨ ਹੁੰਦੈ
ਅਣਖ ਨਾਲ ਜਿਊਂਦੀ ਗ਼ੈਰਤ ਨਾਲ ਮਰਦੀ
ਜਿਊਂਦੀ ਕੌਮ ਤੇ ਉੱਚਾ ਨਿਸ਼ਾਨ ਹੁੰਦੈ
ਓਸ ਕੌਮ ਦਾ ਪ੍ਰੀਤ ਇਤਿਹਾਸ ਜ਼ਿੰਦਾ
ਦਿੱਤਾ ਜਿੰਨਾਂ ਨੇ ਸਿਰਾਂ ਦਾ ਦਾਨ ਹੁੰਦੈ



Sri Satguru Jagjit Singh Ji Elibrary NamdhariElibrary@gmail.com

(5)

## ਦੋਹੀਂ ਪਾਸੀਂ

ਸਾਂਝ ਪਾਕ ਪਵਿੱਤਰ ਹੈ ਇੱਕ ਰਿਸ਼ਤਾ
ਦਰਦ ਦਿਲੀਂ ਸਮੋਏ ਨੇ ਦੋਹੀਂ ਪਾਸੀਂ
ਹਿੰਦੂ ਸਿੱਖ ਈਸਾਈ ਤੇ ਮੋਮਨਾਂ ਦੇ
ਚਾ ਖੂਨ 'ਚ ਗੋਏ ਨੇ ਦੋਹੀਂ ਪਾਸੀਂ
ਕਾਹਦਾ ਕੀਤਾ ਆਜ਼ਾਦ, ਬਰਬਾਦ ਕੀਤਾ
ਵਾਂਗ ਬੱਕਰੇ ਕੋਹੇ ਨੇ ਦੋਹੀਂ ਪਾਸੀਂ
ਜਨਤਾ ਹੁੰਦੀ ਕਤਲਾਮ ਨੂੰ ਵੇਖਕੇ ਤੇ
ਬੂਹੇ ਲੀਡਰਾਂ ਢੋਏ ਨੇ ਦੋਹੀਂ ਪਾਸੀਂ
ਬੰਗਾਲ ਅਤੇ ਪੰਜਾਬ ਦੇ ਕਰ ਟੁਕੜੇ
ਬੀਜ ਵੈਰ ਦੇ ਬੋਏ ਨੇ ਦੋਹੀਂ ਪਾਸੀਂ
ਛੁਰਾ ਇੱਕ ਨੂੰ, ਦੂਜੇ ਤਲਵਾਰ ਵੱਜੀ
ਖੂੰਨ ਦੋਹਾਂ ਦੇ ਚੋਏ ਨੇ ਦੋਹੀਂ ਪਾਸੀਂ
ਕਿਸ ਗਲੀ ਤੇ ਕਿਸ ਬਾਜ਼ਾਰ ਲੰਘਾਂ
ਪੁੱਟੇ ਰਾਹਾਂ ਵਿੱਚ ਟੋਏ ਨੇ ਦੋਹੀਂ ਪਾਸੀਂ
ਦੋਹਾਂ ਵੀਰਾਂ ਚੋਂ ਇੱਕ ਦੀ ਮੌਤ ਹੋਣੀ
ਲੈ ਹਥਿਆਰ ਖਲੋਏ ਨੇ ਦੋਹੀਂ ਪਾਸੀਂ

ਜੰਮਣ ਮਰਨ ਸਾਂਝਾ ਮੜ੍ਹੀ ਕਬਰ ਸਾਂਝੀ
ਅੰਨ੍ਹੇ ਅਕਲ ਦੇ ਹੋਏ ਨੇ ਦੋਹੀਂ ਪਾਸੀਂ
ਇੱਕ ਵੇਹੜੇ ਦੇ ਇੱਕ ਪ੍ਰਵਾਰ ਵਿੱਚੋਂ
ਲੜ ਕੇ ਆਪਸੀ ਮੋਏ ਨੇ ਦੋਹੀਂ ਪਾਸੀਂ
ਹੋਈ ਧੀ ਰੰਡੀ, ਹੋਈ ਨੂੰਹ ਵਿਧਵਾ
ਮਾਂ ਕੀਰਨੇ ਛੋਹੇ ਨੇ ਦੋਹੀਂ ਪਾਸੀਂ



Sri Satguru Jagjit Singh Ji Elibrary NamdhariElibrary@gmail.com

ਕੋਹੜੀ ਗਲ ਦਾ ਅਕਲ ਤੇ ਪਿਆ ਪਰਦਾ
ਭੇਤ ਕਿਉਂ ਲਕੋਏ ਨੇ ਦੋਹੀਂ ਪਾਸੀਂ
ਗਲ ਵੀਰ ਨੇ ਵੀਰ ਦੇ ਪੌਣ ਦੇ ਲਈ
ਕੰਡੇ ਮਾਲਾ ਪਰੋਏ ਨੇ ਦੋਹੀਂ ਪਾਸੀਂ
ਭੱਜੀਆਂ ਗਲ ਨੂੰ ਆਉਣਾ ਏ ਭੱਜ ਬਾਹਵਾਂ
ਲੰਮੀ ਸੋਚ ਤੋਂ ਖੋਏ ਨੇ ਦੋਹੀਂ ਪਾਸੀਂ

ਕਿੰਨੂ ਕਹਾਂ ਚੰਗਾ ਕਿਹਨੂੰ ਕਹਾਂ ਮਾੜਾ
ਭਾਰਤ ਮਾਂ ਦੇ ਦੋਏ ਨੇ ਦੋਹੀਂ ਪਾਸੀ
ਸੇਜਲ ਅੱਖੀਆਂ ਪਈਆਂ ਏਹ ਦਸਦੀਆਂ ਨੇ
ਦੋਵੇਂ ਵਿਛੜਕੇ ਰੋਏ ਨੇ ਦੋਹੀਂ ਪਾਸੀਂ
ਲਹਿੰਦੇ ਚੜ੍ਹਦੇ ਪੰਜਾਬ ਦੀ ਮਿੱਟੀ ਅੰਦਰ
ਪੈ ਗਏ ਅੱਜ ਟੋਏ ਨੇ ਦੋਹੀਂ ਪਾਸੀਂ
ਪੰਜ ਦਰਿਆਵਾਂ ਦਾ ਇੱਕ ਪੰਜਾਬ ਬਣਿਆਂ
ਟੋਟੇ ਚਾਰ ਹੁਣ ਹੋਏ ਨੇ ਦੋਹੀਂ ਪਾਸੀਂ
ਕਾਰਗਿਲ ਕਸ਼ਮੀਰ ਵਿੱਚ ਜੰਗ ਛਿੜ ਪਈ
ਕਿੰਨੇ ਮੌਤ ਫੜ ਧੋਏ ਨੇ ਦੋਹੀਂ ਪਾਸੀਂ
ਕਰਨ ਲੱਗੇ ਮਨੁਖਤਾ ਦਾ ਘਾਣ ਮੂਰਖ
ਵਿੱਚ ਮੌਤ ਡਬੋਏ ਨੇ ਦੋਹੀਂ ਪਾਸੀਂ
ਪ੍ਰੀਤ ਏਹਨਾ ਨੂੰ ਰੱਬ ਹੁਣ ਅਕਲ ਦੇਵੇ
ਰਹਿਣ ਨਵੇਂ ਨਰੋਏ ਏਹ ਦੋਹੀਂ ਪਾਸੀਂ



Sri Satguru Jagjit Singh Ji Elibrary NamdhariElibrary@gmail.com

(6)

# ਸ਼ਹੀਦ

ਜਦੋਂ ਪੜ੍ਹਿਆ ਇਤਿਹਾਸ ਸ਼ਹਾਦਤਾਂ ਦਾ
ਠੰਢੀ ਮੂਰਤੀ ਤੇ ਤਵੀ ਸੜੀਂ ਵੇਖੀ
ਨਾਵੇਂ ਗੁਰਾਂ ਤੇ ਚਾਂਦਨੀ ਚੌਂਕ ਅੰਦਰ
ਕਿਵੇਂ ਆਈ ਮੁਸੀਬਤ ਦੀ ਘੜੀ ਵੇਖੀ
ਲੱਗੀ ਲੰਮੀ ਕਤਾਰ ਸ਼ਹੀਦਾਂ ਵਾਲੀ
ਸਣੇ ਪੋਤਿਆਂ ਦੇ ਗੁਜਰੀ ਖੜ੍ਹੀ ਵੇਖੀ
ਪੁੱਤ ਮਾਂਵਾ ਦੇ ਹੋਏ ਸ਼ਹੀਦ ਜਿੱਥੇ
ਕੱਲਰ ਕੋਟਲੇ ਦੀ ਖੂਨੀ ਰੜੀ ਵੇਖੀ

ਦਾਖਲ ਹੋ ਗੁਰੂ ਅਰਜਨ ਸਕੂਲ ਅੰਦਰ
ਨਾਵੇਂ ਗੁਰਾਂ ਮੁਹਾਰਨੀ ਦੱਸ ਦਿੱਤੀ
ਦਸਮ ਪਿਤਾ ਨੇ ਵਾਰਕੇ ਲਾਲ ਚਾਰੇ
ਵੀਸ ਪੁੱਤਾਂ ਦੀ ਤਾਰਨੀ ਦੱਸ ਦਿੱਤੀ
ਗੁਰੂ ਰਾਮ ਸਿੰਘ ਦੇਸ ਅਜ਼ਾਦੀ ਖਾਤਰ
ਕੂਕ ਭੈਣੀ ਚੋਂ ਮਾਰਨੀ ਦੱਸ ਦਿੱਤੀ
ਅੱਗੇ ਤੋਪ ਖਲੋਕੇ ਕੂਕਿਆਂ ਨੇ
ਜ਼ਿੰਦ ਹੱਸਕੇ ਵਾਰਨੀ ਦੱਸ ਦਿੱਤੀ

ਉਹ ਮੌਤ ਤੋਂ ਮੂਲ ਨਹੀਂ ਕਦੇ ਡਰਦੇ
ਕਾਸੇ ਹੱਥ ਸ਼ਹਾਦਤ ਦੇ ਫੜੇ ਹੋਏ ਨੇ
ਜ਼ਬਰ ਜ਼ੁਲਮ ਅੱਗੇ ਛਾਤੀ ਡਾਹ ਦੇਂਦੇ
ਹੱਸ ਸੂਲੀਆਂ ਫਾਂਸੀਆ ਚੜ੍ਹੇ ਹੋਏ ਨੇ
ਮੌਤ ਏਹਨਾਂ ਨੂੰ ਰਹੀ ਸਲਾਮ ਕਰਦੀ



Sri Satguru Jagjit Singh Ji Elibrary NamdhariElibrary@gmail.com

ਕੇਹੜੀ ਮਿੱਟੀ ਦੇ ਪਤਾ ਨਹੀਂ ਘੜੇ ਹੋਏ ਨੇ
ਰੁਤਬਾ ਮਿਲਦਾ ਏ ਜਿੱਥੋਂ ਕੁਰਬਾਨੀਆਂ ਦਾ
ਕੂਕੇ ਉਸ ਸਕੂਲ ਵਿੱਚੋਂ ਪੜ੍ਹੇ ਹੋਏ ਨੇ

ਸਦਾ ਉਹਨਾਂ ਦਾ ਰਹਿੰਦਾ ਇਤਹਾਸ ਜਿੰਦਾ
ਦਿੰਦੇ ਸਿਰਾਂ ਦਾ ਹੱਸ-ਕੇ ਦਾਨ ਹੁੰਦੇ
ਜੇਹੜੀ ਕੌਮ ਦਾ ਜਿੰਦਾ ਇਤਹਾਸ ਹੀ ਨਹੀਂ
ਉਹ ਲੋਕ ਤਾਂ ਮੁਰਦੇ ਸਮਾਨ ਹੁੰਦੇ
ਦੇਸ ਕੌਮ ਤੇ ਧਰਮ ਤੋਂ ਜਾਨ ਵਾਰਨ
ਨਾਮ ਉਹਨਾਂ ਦੇ ਰੌਸ਼ਨ ਜਹਾਨ ਹੁੰਦੇ
ਰਹਿੰਦੀ ਦੁਨੀਆ ਤਕ ਰਹਿੰਦੇ ਨੇ ਨਾਮ ਜੱਗ ਤੇ
ਦੇਸ ਕੌਮ ਤੋਂ ਜੇਹੜੇ ਕੁਰਬਾਨ ਹੁੰਦੇ

ਸ਼ਮਾਂ ਬਲੀ ਤੋਂ ਭੱਜਕੇ ਆਉਣ ਜੇਹੜੇ
ਸਦਕੇ ਜਾਂ ਮੈਂ ਉਹਨਾਂ ਪ੍ਰਵਾਨਿਆਂ ਦੇ
ਐਨਲ-ਹੱਕ ਕਹਿਕੇ ਚੜ੍ਹਦੇ ਦਾਰ ਉਤੇ
ਕੀ ਕਹਿਣੇ ਨੇ ਉਹਨਾਂ ਦੀਵਾਨਿਆਂ ਦੇ
ਸੂਰੇ ਆਉਣੇ ਤੇ ਆਉਂਦੇ ਤਲਵਾਰ ਫੜਕੇ
ਬਦਲ ਦੇਂਦੇ ਨੇ ਰੰਗ ਜ਼ਮਾਨਿਆਂ ਦੇ
ਜਿਨ੍ਹਾਂ ਘਰਾਂ 'ਚ ਹੋਏ ਸ਼ਹੀਦ ਪੈਦਾ
ਲੋਕੀਂ ਲੈਣਗੇ ਨਾਮ ਘਰਾਨਿਆਂ ਦੇ

ਸਦਾ ਪਏਗਾ ਮੁੱਲ ਕੁਰਬਾਨੀਆਂ ਦਾ
ਪੈਰ ਧਰੇ ਨੇ ਜਿਨ੍ਹਾਂ ਅੰਗਿਆਰਾਂ ਉਤੇ
ਰਹੂ ਸਫਲਤਾ ਉਹਨਾਂ ਦੇ ਪੈਰ ਚੁੰਮਦੀ
ਸਿਖਿਆ ਨਚਣਾ ਜਿਨ੍ਹਾਂ ਤਲਵਾਰਾਂ ਉਤੇ
ਹੱਸ ਹੱਸਕੇ ਜੇਹੜੇ ਮਨਸੂਰ ਬਣ ਕੇ
ਚੜ੍ਹਦੇ ਰਹੇ ਜੋ ਸੂਲੀਆ ਦਾਰਾਂ ਉਤੇ
ਹਰ ਸਾਲ ਤੂੰ ਵੇਖੀਂ ਪ੍ਰੀਤ ਆ ਕੇ
ਮੇਲੇ ਉਹਨਾਂ ਦੀਆਂ ਲੱਗੇ ਮਜ਼ਾਰਾਂ ਉੱਤੇ।



Sri Satguru Jagjit Singh Ji Elibrary NamdhariElibrary@gmail.com

(7)

# ਸ਼ਹੀਦਾਂ ਬਾਰ

ਜ਼ੁਲਮ ਕਰਨ ਨਾਲੋਂ ਸਹਿਣਾ ਜ਼ੁਲਮ ਮਾੜਾ,
ਜ਼ੁਲਮ ਵੇਖ ਕੇ ਮਰਦ ਨਹੀਂ ਸਹਿ ਸਕਦਾ
ਦੇਸ਼ ਕੌਮ ਤੇ ਜਦੋਂ ਕੋਈ ਭੀੜ ਪੈ ਜਾਏ
ਸੂਰਾ ਨਾਲ ਅਰਾਮ ਨਹੀਂ ਬਹਿ ਸਕਦਾ
ਸਿਰ ਨਾਲ ਹੁੰਦੀ ਗੱਲ ਸੂਰਮੇ ਦੀ
ਮਰਨ ਮਾਰਨ ਤੋਂ ਬਿਨਾ ਨਹੀਂ ਰਹਿ ਸਕਦਾ
ਖ਼ੂੰਨ ਖੌਲਦਾ ਡੌਲੇ ਫ਼ੌਲਾਦ ਬਣਦੇ
ਲੋਹਾ ਲੈਣ ਲਈ ਲੋਹੇ ਨਾਲ ਖਹਿ ਸਕਦਾ

ਤਾਣ ਛਾਤੀਆਂ ਸਮੇਂ ਦੇ ਰਾਹ ਉਤੋਂ
ਜਿੰਨੇ ਲੰਘੇ ਬਣ ਮਨਸੂਰ ਲੰਘੇ
ਸਿਰ ਲੱਖਾਂ ਦੇ ਕਾਫ਼ਲੇ ਬਣ ਤੁਰ ਪਏ
ਏਸ ਰਾਹ ਚੋਂ ਪੂਰਾਂ ਦੇ ਪੂਰ ਲੰਘੇ
ਉਸ ਥਾਂ ਤੇ ਰਾਂਝਿਆਂ ਲਾਏ ਡੇਰੇ
ਬਣਕੇ ਮੌਤ ਲਾੜੀ ਜਿੱਥੋਂ ਹੂਰ ਲੰਘੇ
ਬਲਦੀਆਂ ਸ਼ਮਾਂ ਤੇ ਸੜਨ ਲਈ ਆਉਣ ਭੱਜਕੇ
ਨਹੀਂ ਵੇਖੇ ਪ੍ਰਵਾਨੜੇ ਦੂਰ ਲੰਘੇ

ਪੀਤਾ ਜਿੰਨ੍ਹਾਂ ਪੰਜਾਬ ਦਾ ਆਬ ਸੋਹਣਾ
ਮਾਵਾਂ ਜਣਦੀਆਂ ਤੇ ਸੂਰੇ ਜਣਦੀਆਂ ਨੇ
ਏਹਨਾਂ ਸੂਰਿਆਂ ਏਹਨਾਂ ਪੰਜਾਬੀਆਂ ਨੂੰ
ਰੋਜ਼ ਰਹਿਣ ਮੁਸੀਬਤਾਂ ਰਣ ਦੀਆਂ ਨੇ
ਚੜ੍ਹਦੇ ਸੂਰਜ ਹੀ ਕੌਮ ਬਹਾਦਰਾਂ ਲਈ



Sri Satguru Jagjit Singh Ji Elibrary NamdhariElibrary@gmail.com

ਨਵੀਆਂ ਆਣ ਕਹਾਣੀਆਂ ਬਣਦੀਆਂ ਨੇ
ਜਦੋਂ ਜਦੋਂ ਆਜ਼ਾਦੀ ਨੇ ਖ਼ੂੰਨ ਮੰਗਿਆ
ਰਹੀਆਂ ਸਿੰਘਾਂ ਦੀਆਂ ਹਿੱਕਾਂ ਤਣਦੀਆਂ ਨੇ

ਪੜ੍ਹਿਆਂ ਵਿੱਚੋਂ ਇਤਹਾਸ ਦੇ ਪਤਾ ਲਗਦੈ
ਫਤਹਿ ਪਾਈ ਤੇ ਪਾਈ ਸਰਦਾਰ ਸਿੰਘਾਂ
ਹੋਰ ਕੌਮਾਂ ਨਾਲੋਂ ਭਾਵੇਂ ਘੱਟ ਗਿਣਤੀ
ਸਿਰ ਲਥਾਂ ਦੀ ਲਾਈ ਕਤਾਰ ਸਿੰਘਾਂ
ਵੇਖੀ ਧਰਮ ਨੂੰ ਕਿਧਰੇ ਜੇ ਠੇਸ ਪਹੁੰਚੀ
ਵਾਰੇ ਸਾਰੇ ਦੇ ਸਾਰੇ ਪ੍ਰਵਾਰ ਸਿੰਘਾਂ
ਲੋਹਾ ਲੈਣ ਲਈ ਅਜ ਤੱਕ ਨਾਲ ਦੁਸ਼ਮਣ
ਚੁੱਕੀ ਜੰਗ ਦੇ ਲਈ ਤਲਵਾਰ ਸਿੰਘਾਂ

ਹੋਰ ਕੌਮਾਂ 'ਚ ਬੇਸ਼ਕ ਸ਼ਹੀਦ ਹੋਏ
ਗਏ ਦੇਸ਼ ਲਈ ਵਾਰ ਜਵਾਨੀਆ ਨੇ
ਪਿਆਰੇ ਵਤਨ ਦੀ ਸਿੰਘਾਂ ਨੇ ਸ਼ਾਨ ਬਦਲੇ
ਮੁੱਲ ਤਾਰਿਆ ਸਿਰਾਂ ਦੇ ਦਾਨੀਆਂ ਨੇ
ਲੰਡਨੋਂ ਗੋਰੇ ਦਾ ਤਖ਼ਤ ਹਿਲਾ ਦਿੱਤਾ
ਏਥੋਂ ਕੂਕਿਆਂ ਦੀਆਂ ਕੁਰਬਾਨੀਆਂ ਨੇ
ਧਾਂਕ ਪਾਈ ਏ ਸਾਰੇ ਸੰਸਾਰ ਅੰਦਰ
ਪ੍ਰੀਤ ਇਹਨਾਂ ਅਜ਼ਾਦੀ ਦੇ ਬਾਨੀਆਂ ਨੇ

ਹੱਕ ਵਾਲਿਆਂ ਨੂੰ ਹੱਕ ਨਹੀਂ ਮਿਲਿਆ
ਵੜੀਆਂ ਢਿੱਡਾਂ ਅੰਦਰ ਬੇਈਮਾਨੀਆਂ ਨੇ
ਅੰਨ੍ਹੀਂ ਪੀਹੀਂ ਜਾਂਦੀ ਕੁੱਤੀ ਚੱਟੀ ਜਾਂਦੀ
ਏਸ ਗੱਲ ਤੇ ਹੋਈਆਂ ਹੈਰਾਨੀਆਂ ਨੇ
ਬਣ ਬੈਠਾ ਏ ਕੁਰਸੀ ਦਾ ਉਹ ਮਾਲਕ
ਕਰੀਆਂ ਜਿਸ ਸ਼ੈਤਾਨ ਸ਼ੈਤਾਨੀਆਂ ਨੇ
ਪ੍ਰੀਤ ਆਖਦੇ ਹੁਣ ਤੇ ਰਾਜ ਆਪਣਾ
ਕਰਨ ਘਪਲੇ ਤੇ ਖਾਣ ਦਲਾਲੀਆਂ ਨੇ



Sri Satguru Jagjit Singh Ji Elibrary NamdhariElibrary@gmail.com

## (8)

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਪੰਜਵੇਂ ਨਾਨਕ ਦੀ ਗੱਦੀ ਦੇ ਬਣੇ ਵਾਰਸ
ਕਿਰਪਾ ਗੁਰਤਾ ਦੀ ਗੁਰੂ ਰਾਮਦਾਸ ਕੀਤੀ
ਭਗਤਾਂ ਗੁਰੂਆਂ ਨੇ ਲਿਖੀ ਜੋ ਗੁਰਬਾਣੀ
ਸਾਰੀ ਪਿਤਾ ਨੇ ਅਰਜਨ ਦੇ ਪਾਸ ਕੀਤੀ
ਲਾਈ ਮੋਹਰ ਤੇ ਦਿੱਤਾ ਸੀ ਵਰ ਨਾਲੇ
ਉੱਤੋਂ ਦੋਹਤੇ ਦੇ ਨਾਨੇ ਨੇ ਆਸ ਕੀਤੀ
ਕਰੂ ਸਾਰੇ ਸੰਸਾਰ ਦਾ ਭਲਾ ਏਹੋ
ਸੱਤਿਆ ਪਾ ਕੇ ਇਹ ਅਰਦਾਸ ਕੀਤੀ

ਧਨੀ ਧਰਮ ਦੇ ਸ਼ਾਂਤੀ ਦੇ ਪੁੰਜ ਪੰਜਵੇਂ
ਧਰਮ ਰੱਖਣ ਦਾ ਗੁਰਾਂ ਪ੍ਰਚਾਰ ਕੀਤਾ
ਸੇਵਾ ਸਿਮਰਨ ਨੂੰ ਰੱਖਕੇ ਮੁੱਖ ਸਤਿਗੁਰ
ਅੰਮ੍ਰਿਤਸਰ ਸਰੋਵਰ ਤਿਆਰ ਕੀਤਾ
ਕੋੜ੍ਹੀ ਪਿੰਗਲੇ ਦਿੱਤੇ ਬਣਾ ਕੁੰਦਨ
ਦੁੱਖ ਕਟਕੇ ਤੇ ਸਰਸ਼ਾਰ ਕੀਤਾ
ਸ਼ਰਧਾ ਨਾਲ ਸੀ ਜਿੰਨੇ ਇਸ਼ਨਾਨ ਕੀਤਾ
ਬੇੜਾ ਸਿਦਕ ਦਾ ਭਵਜਲੋਂ ਪਾਰ ਕੀਤਾ

ਹਰੀਮੰਦਰ ਸਰੋਵਰ ਜੋ ਸੋਭਦਾ ਹੈ
ਸੇਵਾ ਏਸਦੀ ਹੱਥੀਂ ਨਿਭਾਈ ਸਤਿਗੁਰ
ਮੀਆਂ ਮੀਰ ਤੋਂ ਨੀਂਹ ਰਖਾਈ ਇਸਦੀ
ਏਥੇ ਬੈਠ ਕੇ ਬੀੜ ਸਜਾਈ ਸਤਿਗੁਰ
ਪੰਗਤ ਵਿੱਚੋਂ ਵਖਰੇਵੇਂ ਨੂੰ ਮੇਟ ਦਿੱਤਾ



Sri Satguru Jagjit Singh Ji Elibrary NamdhariElibrary@gmail.com

ਰੀਤ ਲੰਗਰ ਦੀ ਏਦਾਂ ਚਲਾਈ ਸਤਿਗੁਰ
ਦਰਜਾ ਦੇ ਗੁਰਬਾਣੀ 'ਚ ਦਰਜ ਕੀਤਾ
ਹਰ ਮਜ਼ਬ ਨੂੰ ਦਿੱਤੀ ਵਡਿਆਈ ਸਤਿਗੁਰ

ਜਸ ਫੈਲਿਆ ਵੇਖ ਕੇ ਸਤਿਗੁਰਾਂ ਦਾ
ਮੁਸਲਮਾਨ ਆਗੂ ਵੇਖ ਸੜਣ ਲੱਗੇ
ਮੀਆਂ ਮੀਰ ਨੂੰ ਜਦੋਂ ਮੁਰੀਦ ਤੱਕਿਆ
ਮੁੱਲਾਂ ਨਾਲ ਫ਼ਕੀਰ ਦੇ ਲੜਨ ਲੱਗੇ
ਖੁਸਰੋ ਦੀ ਬਗ਼ਾਵਤ ਦਾ ਦੋਸ਼ ਮੜ੍ਹਿਆ
ਜਹਾਂਗੀਰ ਨੂੰ ਗੁੱਸੇ ਜਾਂ ਚੜ੍ਹਨ ਲੱਗੇ
ਪੈਕੇ ਈਰਖਾ ਵਾਲੀ ਵਲਟੋਹੀ ਅੰਦਰ
ਤੱਤੇ ਪਾਣੀ ਦੇ ਵਾਂਗ ਉਹ ਕੜ੍ਹਣ ਲੱਗੇ

ਜਬਰ ਜ਼ੁਲਮ ਤਾਈਂ ਠਲ ਪੌਣ ਖਾਤਰ
ਚਾਲੇ ਗੁਰੂ ਲਹੌਰ ਨੂੰ ਪੌਣ ਲੱਗੇ
ਗੱਦੀ ਬਖਸ਼ ਕੇ ਹਰਗੋਬਿੰਦ ਜੀ ਨੂੰ
ਗਲ ਭਾਣੇ ਦੀ ਸਾਰੀ ਸਮਝੌਣ ਲੱਗੇ
ਸਿੱਖੀ ਧਰਮ ਨੂੰ ਤੁਸਾਂ ਨੇ ਕਾਇਮ ਰੱਖਣਾ
ਵਾਕ ਮੁਖ ਤੋਂ ਗੁਰੂ ਫਰਮੌਣ ਲੱਗੇ
ਭਾਣੇ ਵਿੱਚ ਬਲੀਦਾਨ ਦੀ ਭੇਟ ਚੜ੍ਹਨਾ
ਏਸ ਥਾਂ ਨਹੀਂ ਪਰਤਕੇ ਔਣ ਲੱਗੇ

ਜਹਾਂਗੀਰ ਵਜ਼ੀਰਾਂ ਸੰਗ ਗੋਂਦ ਗੁੰਦੀ
ਹੁਕਮ ਆਖਕੇ ਕਰੜਾ ਸਨੌਣ ਲੱਗਾ
ਤਵੀ ਤਾਈ ਤੇ ਬਾਲ੍ਹਕੇ ਅੱਗ ਥੱਲੇ
ਉਤੇ ਗੁਰਾਂ ਦੇ ਤਾਈ ਬਠੌਣ ਲੱਗਾ
ਭਾਣਾ ਹੱਸ ਕੇ ਮੰਨਿਆਂ ਗੁਰੂ ਅਰਜਨ
ਤੱਤੀ ਤਵੀ ਤੇ ਚੌਕੜਾ ਲੌਣ ਲੱਗਾ
ਨਿੱਤ ਝੁੱਲਦਾ ਸੀਸ ਤੇ ਚੌਰ ਜਿੱਥੇ
ਤਤੀ ਰੇਤ ਪਾਪੀ ਚੰਦੂ ਪੌਣ ਲੱਗਾ



Sri Satguru Jagjit Singh Ji Elibrary NamdhariElibrary@gmail.com

1663 ਸੀ ਜੇਠ ਸੁਦੀ
ਕਹਿਰ ਵਰਤਿਆ ਸਾਰਾ ਜਹਾਨ ਰੋਇਆ
ਪਸ਼ੂ ਪੰਛੀ ਇਹ ਵੇਖਕੇ ਜ਼ੁਲਮ ਰੋਏ
ਰੋਈ ਧਰਤੀ ਤੇ ਨਾਲੇ ਅਸਮਾਨ ਰੋਇਆ
ਇੱਕ ਰੋਏ ਨਹੀਂ ਚੰਦੂ ਜਹਾਂਗੀਰ ਦੋਵੇਂ
ਆਇਆ ਦੁਨੀਆ ਤੇ ਹਰ ਇਨਸਾਨ ਰੋਇਆ
ਜ਼ਬਰ ਸਬਰ ਦੀ ਵੇਖਕੇ ਜੰਗ ਹੁੰਦੀ
ਹਿੰਦੂ ਸਿੱਖ ਮੋਮਨ ਮੁਸਲਮਾਨ ਰੋਇਆ

ਰਾਵੀ ਖਹਿ ਕੇ ਕਿਲੇ ਦੇ ਨਾਲ ਵਗਦੀ
ਕਰਨ ਖਾਤਰ ਇਸ਼ਨਾਨ ਦਾਤਾਰ ਚੱਲੇ
ਟੁੱਬੀ ਲਾਕੇ ਰਾਵੀ ਦਰਿਆ ਅੰਦਰ
ਨਾਸ਼ਵਾਨ ਇਹ ਛੱਡ ਸੰਸਾਰ ਚੱਲੇ
ਰਹੂ ਚਮਕਦਾ ਭਾਨੀ ਦਾ ਭਾਨ ਜੱਗ ਤੇ
ਜਿਹੜੇ ਧਰਮ ਖਾਤਰ ਆਪਾ ਵਾਰ ਚੱਲੇ
ਪ੍ਰੀਤ ਪਾ ਕੇ ਰੀਤ ਕੁਰਬਾਨੀਆਂ ਦੀ
ਮੁੱਢ ਬੰਨ ਸ਼ਹੀਦੀ ਅਵਤਾਰ ਚੱਲੇ



Sri Satguru Jagjit Singh Ji Elibrary NamdhariElibrary@gmail.com

(9)

# ਅਜ਼ਾਦੀ

ਗੁਰੂ ਰਾਮ ਸਿੰਘ ਦੇਸ਼ ਦੀ ਦਸ਼ਾ ਤੱਕੀ
ਤੱਕੀ ਖਾਰ ਜ਼ੁਫੇਰ ਹੈਰਾਨੀ ਤੱਕੀ
ਮੰਦਾ ਹਾਲ ਪੰਜਾਬ ਦਾ ਵੇਖ ਪਹਿਲੋਂ
ਚਾਰੇ ਪਾਸੇ ਹੀ ਹੋਈ ਵੈਰਾਨੀ ਤੱਕੀ
ਜਰੀ ਗਈ ਨਾਂ ਵੇਖ ਗੁਲਾਮੀ ਹਿੰਦ ਦੀ
ਗੋਰੇ ਚਾਤਰ ਦੀ ਨਾਲ ਸ਼ੈਤਾਨੀ ਤੱਕੀ
ਬਿਗਲ ਭੈਣੀ ਵਜਾਇਆ ਬਗ਼ਾਵਤਾਂ ਦਾ
ਭਾਰਤ ਮਾਂ ਦੀ ਹੋਈ ਜੋ ਹਾਨੀ ਤਕੀ

ਬਾਲ੍ਹੀ ਸ਼ਮਾ ਅਜ਼ਾਦੀ ਦੀ ਬਾਰੂਵੈਂ ਨੇ
ਚਾ ਮਰਨ ਦਾ ਚੜ੍ਹਿਆ ਪ੍ਰਵਾਨਿਆਂ ਨੂੰ
ਦਿੱਤਾ ਨਾਮ ਦਾ ਮੰਤਰ ਸੀ ਕੰਨ ਜਿਸਦੇ
ਜੋਸ਼ ਆ ਗਿਆ ਉਹਨਾਂ ਦੀਵਾਨਿਆਂ ਨੂੰ
ਘੁੱਟ ਅੰਮਰਿਤ ਦਾ ਜਿੰਨੇ ਵੀ ਪੀ ਲਿਆ ਸੀ
ਰੰਗ ਚੜ ਗਿਆ ਉਹਨਾਂ ਮਸਤਾਨਿਆਂ ਨੂੰ
ਭਾਰਤ ਮਾਂ ਦੀ ਉਹਨਾਂ ਨੇ ਕਸਮ ਖਾਧੀ
ਰਹਿਣ ਦੇਣਾ ਨਹੀਂ ਖਿਲੇ ਬੇਗਾਨਿਆਂ ਨੂੰ

ਗੁਰੂ ਰਾਮ ਸਿੰਘ ਜੀ ਦੀ ਕਮਾਨ ਥੱਲੇ
ਨਾਲ ਖਿਲੇ ਦੇ ਛੇੜ ਲਈ ਜੰਗ ਲੋਕਾਂ
ਜਨਮ ਮਰਨ ਦਾ ਭੈ ਮਿਟਾ ਕੇ ਤੇ
ਚਾੜ੍ਹ ਲਿਆ ਸੀ ਮਸਤੀ ਦਾ ਰੰਗ ਲੋਕਾਂ
ਲਾੜੀ ਮੌਤ ਨੂੰ ਹੱਸਕੇ ਵਰਨ ਖਾਤਰ



Sri Satguru Jagjit Singh Ji Elibrary NamdhariElibrary@gmail.com

ਲਏ ਸਿਰ ਉਤੇ ਕਫਨ ਟੰਗ ਲੋਕਾਂ
ਖੂੰਨੀ ਪੱਤਰੇ ਇਤਿਹਾਸ ਦੇ ਦੱਸਦੇ ਨੇ
ਲੜੀ ਜੰਗ-ਏ-ਅਜ਼ਾਦੀ ਨਿਸੰਗ ਲੋਕਾਂ

ਸੁੱਤੀ ਕੌਮ ਨੂੰ ਝੂਣ ਜਗਾ ਦਿੱਤਾ
ਅਣਖ ਬੀਰਤਾ ਦਾ ਭਰਿਆ ਡੰਗ ਅੰਦਰ
ਸਿਰ ਲੱਥਾਂ ਦਾ ਕਾਫਲਾ ਤਿਆਰ ਕੀਤਾ
ਤੋਰ ਦਿੱਤਾ ਮੈਦਾਨ-ਏ-ਜੰਗ ਅੰਦਰ
ਹਿੰਦੂ ਸਿੱਖ ਈਸਾਈ ਤੇ ਰਲੇ ਮੋਮਨ
ਸਾਰੇ ਗਏ ਇੱਕੋ ਲਾਂਘੇ ਲੰਘ ਅੰਦਰ
ਕੁੱਝ ਗਰਮ ਦਲੀਏ ਕੁਝ ਨਰਮ ਦਲੀਏ
ਦਿੱਤਾ ਅੰਗੂਠਾ ਉਹਨਾਂ ਗੋਰੇ ਦੇ ਸੰਘ ਅੰਦਰ

ਖੀਰ ਖਾਂਦਾ ਨਹੀਂ ਏਥੋਂ ਉਹ ਗਿਆ ਭਜਕੇ
ਜਾਂਦਾ ਜਾਂਦਾ ਵੀ ਸਾਡਾ ਨੁਕਸਾਨ ਕਰ ਗਿਆ
ਏਸ ਭਾਰਤ ਦੇ ਕਰਕੇ ਦੋ ਟੁਕੜੇ
ਹਿੰਦੁਸਤਾਨ ਕਰ ਗਿਆ ਪਾਕਿਸਤਾਨ ਕਰ ਗਿਆ
ਭਾਈਚਾਰਿਆਂ 'ਚ ਕੱਠੇ ਵੱਸਦੇ ਸਾਂ
ਐਡੋ ਐਡੀ ਸਾਨੂੰ ਬੇਈਮਾਨ ਕਰ ਗਿਆ
ਸੰਨ ਸੰਤਾਲੀ ਜੋ ਆਪੋ ਵਿੱਚ ਵੰਡੀ ਹੋਈ
ਦੋਹਾਂ ਧਿਰਾਂ ਨੂੰ ਲਹੂਓ ਲੁਹਾਨ ਕਰ ਗਿਆ

ਜੇਹੜੀ ਫੁੱਟ ਦਾ ਦੇ ਗਿਆ ਗਿਫਟ ਸਾਨੂੰ
ਹੋ ਗਏ ਅਸੀਂ ਸ਼ਿਕਾਰ ਉਸ ਫੁੱਟ ਦੇ ਹਾਂ
ਗਿਆ ਫਿਰਕਾ-ਪ੍ਰਸਤੀ ਦਾ ਪਾ ਰੌਲਾ
ਆਪੋ ਵਿੱਚ ਹੀ ਜਾਣ ਕੇ ਜੁਟਦੇ ਹਾਂ
ਮੰਦਰ ਮਸੀਤ ਗਿਰਜਾ ਗੁਰਦਵਾਰਾ ਢਾਹ ਕੇ
ਕਿਉਂ ਗਲਾ ਮਨੁੱਖਤਾ ਦਾ ਘੁੱਟਦੇ ਹਾਂ
ਪ੍ਰੀਤ ਡਿੱਗਾਂ ਗੇ ਜਾਪਦੇ ਖੂਹ ਅੰਦਰ
ਟੋਏ ਆਪਣੇ ਰਾਹਾਂ ਵਿੱਚ ਪੁੱਟਦੇ ਹਾਂ।



Sri Satguru Jagjit Singh Ji Elibrary NamdhariElibrary@gmail.com

## (10)

# ਚਮਕੌਰ ਦੀ ਗੜ੍ਹੀ

ਸਿੱਖਾਂ ਆਖਿਆ ਏਹ ਮਾਸੂਮ ਬੱਚੇ
ਅਜੇ ਹੋਏ ਨਹੀਂ ਜੰਗ ਵਿੱਚ ਲੜਣ ਜੋਗੇ
ਹੋਏ ਅਜੇ ਨਹੀਂ ਤੀਰ ਚਲਾਣ ਜੋਗੇ
ਹੱਥ ਨਹੀਂ ਤਲਵਾਰ ਏਹ ਫੜਣ ਜੋਗੇ
ਸੋਹਲ ਮੁੱਖ ਗੁਲਾਬ ਤਰੇਲ ਧੋਤੇ
ਪੱਟੀ ਮੌਤ ਦੀ ਹਾਲੇ ਨਹੀਂ ਪੜ੍ਹਣ ਜੋਗੇ
ਅੱਗੋਂ ਹੱਸਕੇ ਬੋਲੇ ਦਸਮੇਸ਼ ਗੁਰ ਜੀ
ਹੋਏ ਲੱਖਾਂ ਦੇ ਨਾਲ ਨੇ ਲੜਣ ਜੋਗੇ

ਇੱਕ ਇੱਕ ਕਰਕੇ ਤੋਰੇ ਜੰਗ ਅੰਦਰ
ਹੈਰਾਨ ਹੋਈ ਚਮਕੌਰ ਦੀ ਗੜ੍ਹੀ ਵੇਖੀ
ਅੱਖਾਂ ਨਾਲ ਤੱਕੀ ਗਹੁ ਦੇ ਨਾਲ ਤੱਕੀ
ਜੋਬ ਪੁੱਤਰਾਂ ਦੀ ਘੋੜੀ ਚੜ੍ਹੀ ਵੇਖੀ
ਵਾਰੋ ਵਾਰੀ ਨੇ ਜਦੋਂ ਸ਼ਹੀਦ ਹੋਏ
ਮਾਤਾ ਗੁਜਰੀ ਵੀ ਕੋਲ ਖੜ੍ਹੀ ਵੇਖੀ
ਦਾਦੇ ਆਣਕੇ ਦੋਹਾਂ ਹੀ ਪੋਤਿਆਂ ਦੀ
ਮੌਤੋਂ ਬਾਦ ਸ਼ਮਸ਼ੀਰ ਹੱਥ ਫੜੀ ਵੇਖੀ

ਮੈਨੂੰ ਪਤੈ ਕਿਸ ਦਾਦੇ ਦੇ ਪੋਤਰੇ ਨੇ
ਏਸ ਲਈ ਵਿੱਚ ਜੰਗ ਦੇ ਤੋਰ ਸਮਝੇ
ਕੇਹੜੀ ਦਾਦੀ ਦੀ ਏਹਨਾਂ ਨੂੰ ਮਿਲੀ ਗੁੜ੍ਹਤੀ
ਗੁਜਰੀ ਮਾਂ ਦੇ ਚੰਦ ਚਕੋਰ ਸਮਝੇ
ਇਹ ਹੈਣ ਦਸਮੇਸ਼ ਦੇ ਸ਼ੇਰ ਪੁੱਤਰ



Sri Satguru Jagjit Singh Ji Elibrary NamdhariElibrary@gmail.com

ਵੈਰੀ ਏਹਨਾਂ ਨੂੰ ਨਾ ਕਮਜ਼ੋਰ ਸਮਝੇ
ਕਿਧਰੇ ਭਲਕ ਨੂੰ ਲੋਕ ਨਾ ਕਹਿਣ ਮੈਨੂੰ
ਪੁੱਤਰ ਹੋਰ ਸਮਝੇ ਤੇ ਸਿੱਖ ਹੋਰ ਸਮਝੇ

ਇਹ ਲਾਡਲੀ ਫੌਜ ਜੋ ਨਾਲ ਮੇਰੇ
ਪੁੱਤਰਾਂ ਨਾਲੋਂ ਨੇ ਸਿੱਖ ਪਿਆਰੇ ਪੁੱਤਰ
ਸਿੱਖਾਂ ਨਾਲ ਅਜੀਤ ਜੁਝਾਰ ਤੋਰੇ
ਏਸ ਕਰਕੇ ਚਾਰੇ ਮੈਂ ਵਾਰੇ ਪੁੱਤਰ
ਇੱਕੋ ਜੇਹਾ ਮੈਂ ਜਾਣਦਾਂ ਸਾਰਿਆਂ ਨੂੰ
ਸਾਰੇ ਸਿੱਖ ਨੇ ਮੇਰੇ ਦੁਲਾਰੇ ਪੁੱਤਰ
ਤਿੰਨ ਪੀੜ੍ਹੀਆਂ ਧਰਮ ਤੋਂ ਵਾਰੀਆਂ ਨੇ
ਲੋਕੀ ਕਹਿਣ ਦਾਤੇ ਵਾਰੇ ਚਾਰ ਪੁੱਤਰ

ਸਿੱਖ ਪੁੱਤ ਨੇ ਵੇਖੋ ਸ਼ਹੀਦ ਹੋਏ
ਗੜ੍ਹੀ ਚਮਕੌਰ ਮੈਦਾਨੇ ਜੰਗ ਅੰਦਰ
ਅਕਾਲ ਪੁਰਖ ਦਾ ਸ਼ੁਕਰ ਗੁਜਾਰਿਆ ਏ
ਉਹਦੀ ਰਹਿਣਾ ਰਜ਼ਾ ਦੇ ਰੰਗ ਅੰਦਰ
ਹਾਲ ਦੱਸਿਆ ਮਿੱਤਰ ਪਿਆਰੜੇ ਨੂੰ
ਯਾਦ ਮੈਦੇ ਕੀਤੇ ਬਹਿਕੇ ਢੰਗ ਅੰਦਰ
ਲਾਕੇ ਹਿੱਕ ਦੇ ਨਾਲ ਕ੍ਰਿਪਾਨ ਸੁੱਤੇ
ਮਾਛੀਵਾੜੇ ਦੇ ਸੰਘਣੇ ਝੰਗ ਅੰਦਰ

ਪੂਜਾ ਕਰਾਂ ਦਸ਼ਮੇਸ਼ ਪੁਜਾਰੀ ਬਣ ਕੇ
ਜਿੱਥੇ ਹੋਵੇਗੀ ਤੇਰੇ ਦਰਬਾਰ ਦੀ ਗੱਲ
ਹਥ ਜੋੜਕੇ ਓਸ ਥਾਂ ਕਰਾਂ ਸਿਜਦਾ
ਹੁੰਦੀ ਵੇਖੀ ਜਾਂ ਤੇਰੇ ਸਤਿਕਾਰ ਦੀ ਗੱਲ
ਸੁੱਤੇ ਕਰਮ ਜਾਗਣ ਓਸ ਜੀਅੜੇ ਦੇ
ਕਰਦਾ ਸੁਣਦਾ ਜੋ ਤੇਰੇ ਕਿਰਦਾਰ ਦੀ ਗੱਲ
ਆਣ ਜ਼ੁਲਮ ਦੇ ਨਾਲ ਜਿਸ ਲਈ ਟੱਕਰ
ਪ੍ਰੀਤ ਕਰਾਂਗਾ ਉਹਦੀ ਤਲਵਾਰ ਦੀ ਗੱਲ .



Sri Satguru Jagjit Singh Ji Elibrary NamdhariElibrary@gmail.com

(11)

ਪੜ੍ਹਿਆ ਜਦੋਂ ਇਤਹਾਸ ਕੁਰਬਾਨੀਆਂ ਦਾ
ਅਸੀਂ ਉਜੜੇ ਕਿਵੇਂ ਅਬਾਦ ਹੋਏ
ਮਿਲੀ ਐਵੇਂ ਅਜ਼ਾਦੀ ਨਹੀਂ ਅਸਾਂ ਤਾਈਂ
ਕਿੰਨੇ ਦੰਗੇ ਤੇ ਕਿੰਨੇ ਫਸਾਦ ਹੋਏ
ਪੂਰਨ ਤੌਰ ਤੇ ਮਿਲੀ ਅਜਾਦੀ ਨਾਹੀਂ
ਅਸੀਂ ਗੋਰਿਆਂ ਹੱਥੋਂ ਅਜ਼ਾਦ ਹੋਏ
ਬੜਾ ਮੁੱਲ ਅਜ਼ਾਦੀ ਦਾ ਤਾਰਿਆ ਏ
ਕਿੰਨੇ ਘਰਾਂ ਦੇ ਘਰ ਬਰਬਾਦ ਹੋਏ

ਕਈ ਵੇਰ ਲੁੱਟਿਆ ਸਾਨੂੰ ਜ਼ਾਲਮਾਂ ਨੇ
ਸਾਡੇ ਭਾਰਤ ਦੇ ਉਤੇ ਚੜ੍ਹਾਈ ਕਰਕੇ
ਸਾਡੇ ਆਪਣੇ ਜਦੋਂ ਗ਼ਦਾਰ ਹੋਏ
ਅਸੀਂ ਹਾਰਦੇ ਰਹੇ ਲੜਾਈ ਕਰਕੇ
ਸੋਨ ਚਿੜੀ ਦੇ ਜਦੋਂ ਵੀ ਖੰਭ ਖੁਸੇ
ਅਸੀਂ ਉਜੜਦੇ ਰਹੇ ਤਬਾਹੀ ਕਰਕੇ
ਅਸੀਂ ਫੁੱਟ ਦੇ ਫੇਰ ਸ਼ਿਕਾਰ ਹੋਏ
ਸ਼ਾਤਰ ਗੋਰਿਆਂ ਦੀ ਚਤਰਾਈ ਕਰਕੇ

ਸੁਆਲ ਆਇਆ ਜਾਂ ਗ਼ੈਰਤ ਦੇਸ਼ ਦੀ ਦਾ
ਡੋਣੀ ਵਾਲੇ ਨੇ ਛੇੜ ਸੰਗਰਾਮ ਦਿੱਤਾ
ਦੇਸ਼ ਵਾਸੀ ਵੇਖੇ ਗੂੜ੍ਹੀ ਨੀਂਦ ਸੁੱਤੇ
ਏਹਨੇ ਕੂਕ ਅਜ਼ਾਦੀ ਪੈਗਾਮ ਦਿੱਤਾ
ਐਸੀ ਚਿਣਗ ਅਜਾਦੀ ਦੀ ਬਾਲ ਦਿੱਤੀ



Sri Satguru Jagjit Singh Ji Elibrary NamdhariElibrary@gmail.com

ਜਿੰਨੇ ਗੋਰੇ ਨੂੰ ਸੇਕ ਤਮਾਮ ਦਿੱਤਾ
ਕੰਨ ਜਿਸਦੇ ਉਸਨੇ ਫੂਕ ਮਾਰੀ
ਸੂਰਬੀਰ ਤੇ ਕਰ ਵਰਿਆਮ ਦਿੱਤਾ

ਬਲ੍ਹਦੀ ਏਸ ਅਜ਼ਾਦੀ ਦੀ ਸ਼ਮਾਂ ਉੱਤੇ
ਜ਼ਿੰਦਗੀ ਵਾਰੀ ਏ ਲੱਖਾਂ ਪ੍ਰਵਾਨਿਆਂ ਨੇ
ਨਹੀਂ ਜਿੰਦ ਦੀ ਰਤਾ ਪ੍ਰਵਾਹ ਕੀਤੀ
ਏਨਾਂ ਸੂਰਿਆਂ ਏਨਾਂ ਦੀਵਾਨਿਆਂ ਨੇ
ਖ਼ੂਨ ਨਾਲ ਖੇਡੀ ਹੋਲੀ ਕੋਟਲੇ 'ਚ
ਏਨਾ ਮਸਤ ਫ਼ਕੀਰ ਮਸਤਾਨਿਆਂ ਨੇ
ਨਿਉਂਦਾ ਉਦੋਂ ਹੀ ਮੋੜਦੇ ਰਹੇ ਵਾਪਸ
ਸਾਨੂੰ ਲੁੱਟਿਆਂ ਜਦੋਂ ਬੇਗਾਨਿਆਂ ਨੇ

ਲਾੜੀ ਏਸ ਅਜ਼ਾਦੀ ਨੂੰ ਵਰਨ ਖਾਤਰ
ਸਾਡੇ ਦੇਸ਼ ਦੇ ਬੜੇ ਨੁਕਸਾਨ ਹੋਏ
ਜਲਾਵਤਨ ਕੀਤਾ ਗੁਰੂ ਰਾਮ ਸਿੰਘ ਨੂੰ
ਸਾਥੋਂ ਅੱਡ ਸਾਡੇ ਮੁਸਲਮਾਨ ਹੋਏ
ਗਿਣਤੀ ਵਿੱਚ ਨਹੀਂ ਆਉਂਦੇ ਸ਼ਹੀਦ ਗਿਣਿਆਂ
ਸੋਹਣੇ ਭਾਰਤ ਤੋਂ ਜੇਹੜੇ ਕੁਰਬਾਨ ਹੋਏ
ਦੀਵੇ ਗੁੱਲ ਹੋ ਗਏ ਲੱਖਾਂ ਮਾਪਿਆਂ ਦੇ
ਲੱਖਾਂ ਵਸਦੇ ਘਰ ਵੀਰਾਨ ਹੋਏ

ਪਰ ਅਫ਼ਸੋਸ ਏ ਕੁਝ ਖ਼ੁਦਗਰਜ਼ ਬੰਦੇ
ਆਪਣੇ ਵਤਨ ਨਾਲ ਧੋਖਾ ਕਮਾਣ ਲੱਗ ਪਏ
ਮਹਿੰਗੇ ਮੁੱਲ ਨਾਲ ਲਈ ਆਜ਼ਾਦੀ ਜੇਹੜੀ
ਸ਼ਾਨ ਮਿੱਟੀ ਦੇ ਵਿੱਚ ਮਿਲਾਣ ਲੱਗ ਪਏ
ਭ੍ਰਿਸ਼ਟਾਚਾਰ ਕਰਕੇ ਦੇਸ਼ ਧਰੋਹੀ ਬਣਕੇ
ਆਪਣੇ ਦੇਸ਼ ਨੂੰ ਆਪ ਹੀ ਖਾਣ ਲੱਗ ਪਏ
ਬਾਂਦਰ ਵੰਡ ਲਈ ਵੇਖ ਲਉ ਤੁਲੇ ਹੋਏ ਨੇ
ਗੋਲਕ ਗੁਰਾਂ ਦੀ ਨੂੰ ਸੰਨ੍ਹ ਲਾਣ ਲੱਗ ਪਏ



Sri Satguru Jagjit Singh Ji Elibrary NamdhariElibrary@gmail.com

ਦੇਸ਼ ਤਾਹੀਉਂ ਅਜ਼ਾਦ ਇਹ ਰਹਿ ਸਕਦੈ
ਦੇਸ਼ ਨਾਲ ਜੇ ਦਿਲੀ ਪਿਆਰ ਹੋਵੇ
ਹਰ ਬਸ਼ਰ ਹੀ ਦੇਸ਼ ਦਾ ਭਲਾ ਸੋਚੇ
ਭਾਰਤ ਮਾਂ ਦਾ ਹਿਰਦੇ ਸਤਕਾਰ ਹੋਵੇ
ਕਹਿਰੀ ਅੱਖ ਦੇ ਨਾਲ ਜੇ ਕੋਈ ਵੇਖੇ
ਮਾਰਨ ਮਰਨ ਲਈ ਬੰਦਾ ਤਿਆਰ ਹੋਵੇ
ਵਾਂਗ ਸਕੇ ਭਰਾਵਾਂ ਦੇ ਰਲ ਰਹੀਏ
ਪ੍ਰੀਤ ਹਰ ਕੋਈ ਕਿਸੇ ਦਾ ਯਾਰ ਹੋਵੇ।



Sri Satguru Jagjit Singh Ji Elibrary NamdhariElibrary@gmail.com

## (12)

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

ਬਾਰਾਂ ਪੋਹ ਦੀ ਚੰਦਰੀ ਰਾਤ ਠੰਡੀ
ਠੰਡੀ ਵਗ ਚੁਫੇਰਿਉ ਵਾ ਰਹੀ ਸੀ
ਠੰਡੇ ਬੁਰਜ ਸਰਹੰਦ ਦੇ ਵਿੱਚ ਐਪਰ
ਵਾਜ ਗੁਜਰੀ ਮਾਂ ਦੀ ਆ ਰਹੀ ਸੀ
ਸਣੇ ਪੋਤਿਆਂ ਦੇ ਅੱਜ ਮਾਂ ਗੁਜਰੀ
ਔਖੀ ਘੜੀ ਦਾ ਵਕਤ ਨਿਭਾ ਰਹੀ ਸੀ
ਮੇਰੇ ਹੀਰਿਉ ਸੁਖਨ ਨਾ ਭੁੱਲ ਜਾਇਉ
ਦੋਵਾਂ ਪੋਤਿਆ ਤਾਂਈ ਸਮਝਾ ਰਹੀ ਸੀ

ਮੱਥਾ ਚੁੰਮਦੀ ਦੋਹਾਂ ਹੀ ਪੋਤਿਆ ਦਾ
ਦੁੱਖ ਜਿਗਰ ਦੀ ਏਦਾਂ ਮਿਟਾ ਰਹੀ ਸੀ
ਉਹਨੂੰ ਪਤਾ ਸੀ ਭਾਣਾ ਏ ਵਰਤ ਜਾਣਾ
ਟੋਟੇ ਜਿਗਰ ਦੇ ਸੀਨੇ ਲਗਾ ਰਹੀ ਸੀ
ਸੰਕਟ ਵੇਖ ਕੇ ਕਿਤੇ ਨਾ ਡੋਲ ਜਾਇਉ
ਗੱਲ ਕੰਨ ਦੇ ਵਿੱਚ ਸਮਝਾ ਰਹੀ ਸੀ
ਆਪਣੇ ਦਾਦੇ ਦੇ ਤੁਸਾਂ ਨੇ ਕੋਲ ਜਾਣਾ
ਰਸਤਾ ਜਾਣ ਦਾ ਦਾਦੀ ਵਖਾ ਰਹੀ ਸੀ

ਕਾਲੀ ਰਾਤ ਮੁੱਕੀ ਕਾਲਾ ਦਿਨ ਚੜ੍ਹਿਆ
ਨ੍ਹੇਰੀ ਕਾਲੀ ਦੀ ਕਾਲੀ ਹੀ ਚੜ੍ਹੀ ਰਹਿ ਗਈ
ਬੱਚੇ ਲੈ ਗਏ ਕੋਲੋਂ ਜਲਾਦ ਆ ਕੇ
ਦਾਦੀ ਉੱਥੇ ਈ ਖੜ੍ਹੀ ਦੀ ਖੜ੍ਹੀ ਰਹਿ ਗਈ
ਪਤੀ ਵਾਰਿਆ ਪੁੱਤਰ ਤੋਂ ਦੂਰ ਬੈਠੀ



Sri Satguru Jagjit Singh Ji Elibrary NamdhariElibrary@gmail.com

ਕਿਸਮਤ ਸੜੀ ਸੀ ਸੜੀ ਦੀ ਸੜੀ ਰਹਿ ਗਈ
ਝੱਟ ਉੱਡ ਵਜੂਦ ਚੋਂ ਭੌਰ ਤੁਰਿਆ
ਨਬਜ਼ ਹੱਥ ਵਿੱਚ ਫੜੀ ਦੀ ਫੜੀ ਰਹਿ ਗਈ

ਪੁੱਜੇ ਵਿੱਚ ਕਚਹਿਰੀ ਦੇ ਲਾਲ ਦੋਵੇਂ
ਸਾਨੂੰ ਸੂਬਿਆ ਹੋਰ ਸਮਝਾ ਨਾਹੀਂ
ਤੇਰੇ ਲਾਲਚ ਦੇ ਵਿੱਚ ਨਹੀਂ ਅਸਾਂ ਆਉਣਾ
ਲਾਲਚ ਦੇ ਕੇ ਸਾਨੂੰ ਭਰਮਾ ਨਾਹੀ
ਅਸੀਂ ਤੇਗ ਬਹਾਦਰ ਦੇ ਪੋਤਰੇ ਹਾਂ
ਸਾਡੇ ਸਿਦਕ ਨੂੰ ਹੋਰ ਅਜ਼ਮਾ ਨਾਹੀ

ਸਾਡੀਆਂ ਰਗਾਂ ਵਿੱਚ ਖੂਨ ਦਸ਼ਮੇਸ਼ ਦਾ ਏ
ਸਾਨੂੰ ਡਰ ਨਹੀਂ ਫਾਂਸੀ ਦੇ ਫੰਦਿਆਂ ਦਾ
ਸਾਡੀ ਅਣਖ ਤੇ ਗ਼ੈਰਤ ਵੰਗਾਰਨਾ ਏ
ਤੇਰੇ ਡਰ ਨਹੀਉਂ ਕਾਲੇ ਧੰਦਿਆ ਦਾ
ਡਰਨਾ ਜਾਣਦੇ ਨਾ, ਮਰਨਾ ਜਾਣਦੇ ਹਾਂ
ਸਾਨੂੰ ਡਰ ਨਹੀਂ ਆਰੇ ਦੇ ਦੰਦਿਆਂ ਦਾ
ਕੰਮ ਜ਼ਾਲਮਾਂ ਦਾ ਹੁੰਦੈ ਜ਼ੁਲਮ ਕਰਨਾ
ਜ਼ੁਲਮ ਰੋਕਣਾ ਕੰਮ ਏ ਬੰਦਿਆਂ ਦਾ

ਤੇਰੇ ਪਾਪ ਤੋਂ ਕੰਬ ਕੇ ਸੂਬਿਆ ਓਏ
ਸਿਮਥ ਝੂਠ ਦਾ ਬੁਰਜ ਅਜ ਢਹਿ ਗਿਆ ਏ
ਅਸਾਂ ਤੁਰੇ ਜਾਣਾ ਸੱਚੇ ਰਾਹ ਉਤੇ
ਝੂਠ ਪਾਪ ਤੇਰੇ ਹੱਡੀਂ ਬਹਿ ਗਿਆ ਏ
ਸੱਚ ਸੁਣਕੇ ਸੂਬਾ ਹੋ ਗਿਆ ਕੋਲਾ
ਅੱਗ ਲੱਗੀ ਦਿਲ ਨੂੰ ਸਾੜਾ ਪੈ ਗਿਆ ਏ
ਵਿੱਚ ਕੰਧਾਂ ਦੇ ਏਹਨਾਂ ਨੂੰ ਚਿਣ ਦੇਵੋ
ਜਾਂਦਾ ਸੂਬਾ ਇਉਂ ਕਾਜ਼ੀ ਨੂੰ ਕਹਿ ਗਿਆ ਏ

ਆਈ ਕੰਧ ਜਦੋਂ ਉਤੋਂ ਮੋਢਿਆਂ ਦੇ
ਛੋਟੇ ਵੀਰ ਨੂੰ ਵੱਡਾ ਸਮਝਾ ਰਿਹਾ ਏ



Sri Satguru Jagjit Singh Ji Elibrary NamdhariElibrary@gmail.com

ਵੱਡੇ ਵੀਰ ਦੀਆਂ ਅੱਖਾਂ ਵਿੱਚ ਵੇਖ ਹੰਝੂ
ਵੱਡੇ ਵੀਰ ਨੂੰ ਛੋਟਾ ਸੁਣਾ ਰਿਹਾ ਏ
ਫਤੇ ਸਿੰਘ ਆਖੇ ਜ਼ੋਰਾਵਾਰ ਤਾਂਈ
ਕੇਹੜੀ ਗੱਲ ਤੋਂ ਵੀਰ ਘਬਰਾ ਰਿਹਾ ਏ
ਚੇਤੇ ਮਾਤਾ ਆਈ ਜਾ ਕੇ ਆਈ ਦਾਦੀ
ਪਿਤਾ ਦਾਦੇ ਦੀ ਯਾਦ ਫੁਰਮਾ ਰਿਹਾ ਏ

ਵੱਡਾ ਵੀਰ ਆਖੇ ਛੋਟੇ ਵੀਰ ਤਾਂਈ
ਇੱਕ ਦੁੱਖ ਕਲੇਜੇ ਨੂੰ ਖਾ ਰਿਹਾ ਏ
ਵਾਰੀ ਆਈ ਤੇ ਛਡ ਜਹਾਨ ਜਾਣੈ
ਸਾਡੇ ਜਾਣ ਵਾਲਾ ਭਾਣਾ ਭਾ ਰਿਹਾ ਏ
ਤੈਥੋਂ ਪਹਿਲਾਂ ਇਸ ਦੁਨੀਆ ਤੇ ਮੈਂ ਆਇਆ
ਛੋਟਾ ਵੀਰ ਮੈਥੋਂ ਪਹਿਲਾਂ ਜਾ ਰਿਹਾ ਏ
ਮੇਰੀ ਵਾਰੀ ਤੂੰ ਮੱਲ ਲਈ ਵੇਖ ਪਹਿਲਾਂ
ਏਸ ਗੱਲ ਦਾ ਫ਼ਰਕ ਕਿਉਂ ਪਾ ਰਿਹਾ ਏ

ਕੰਧ ਡਿੱਗ ਪਈ ਉਸਰੀ ਹੋਈ ਜੇਹੜੀ
ਧਰਤੀ ਕੰਬੀ ਤੇ ਲਹਿ ਲੰਗਾਰ ਗਏ ਨੇ
ਹੋਇਆ ਵਾਰ ਤਲਵਾਰ ਦਾ ਬਚਿਆ ਤੇ
ਸੀਸ ਕੱਟੇ ਗਏ ਨਾਲ ਤਲਵਾਰ ਦੇ ਨੇ
ਏਧਰ ਜੋੜੀ ਸ਼ਹਾਦਤ ਦਾ ਜਾਮ ਪੀ ਗਈ
ਉਧਰ ਦਾਦੀ ਪ੍ਰਲੋਕ ਸਿਧਾਰ ਗਏ ਨੇ
ਕੌਮ ਧਰਮ ਲਈ ਪ੍ਰੀਤ ਕੁਰਬਾਨ ਹੋ ਕੇ
ਬੇੜਾ ਡੁਬਦੀ ਕੌਮ ਦਾ ਤਾਰ ਗਏ ਨੇ



Sri Satguru Jagjit Singh Ji Elibrary NamdhariElibrary@gmail.com

(13)

# ਸ਼ਹੀਦ ਊਧਮ ਸਿੰਘ

ਓਡਵੇਰ ਦੇ ਜਲਸੇ ਇੰਗਲੈਂਡ ਅੰਦਰ
ਊਧਮ ਸਿੰਘ ਸਰਦਾਰ ਜਾ ਬਹਿ ਗਿਆ ਏ
ਸਾਹਵੇਂ ਸੀਨ ਆਇਆ ਬਾਗ ਜਲਿਆਂ ਦਾ
ਗਲ ਮੂੰਹੋਂ ਡੈੜੀ ਖਿਲਾ ਕਹਿ ਗਿਆ ਏ
ਬਦਲਾ ਲਿਆ ਊਧਮ ਸਿੰਘ ਮਾਰ ਗੋਲੀ
ਖੂਨ ਪਾਣੀ ਦੇ ਵਾਂਗਰਾਂ ਵਹਿ ਗਿਆ ਏ
ਕਹਿਣ ਲੱਗਾ ਮਾਂ ਧਰਤ ਪੰਜਾਬ ਦੀ ਨੂੰ
ਮੇਰੇ ਸਿਰੋਂ ਤੇਰਾ ਕਰਜ਼ਾ ਲਹਿ ਗਿਆ ਏ

ਜੋ ਜੀ ਕਰਦਾ ਗਿਲਿਓ ਕਰੋ ਰੱਜਕੇ
ਸਾਵਾਂ ਕਰਨਾ ਜੇ ਬੇਸ਼ਕ ਵਿਹਾਰ ਕਰ ਲਓ
ਹੱਥੀਂ ਦੇਨਾਂ ਮੈਂ ਫੜੋ ਪਸਤੌਲ ਮੈਥੋਂ
ਆਪਣੀ ਰੀਝ ਦੇ ਨਾਲ ਹੀ ਵਾਰ ਕਰ ਲਓ
ਘਾਣ ਕੀਤਾ ਸੀ ਕਿਲੇ ਬੇਦੋਸ਼ਿਆਂ ਦਾ
ਏਸ ਗੱਲ ਤੇ ਜ਼ਰਾ ਵੀਚਾਰ ਕਰ ਲਓ
ਲਾਵੋ ਹਥਕੜੀ ਤੇ ਭਾਵੇਂ ਮਾਰੋ ਗੋਲੀ
ਜੋ ਕੁਝ ਮਰਜ਼ੀ ਜੇ ਨਾਲ ਸਰਦਾਰ ਕਰ ਲਓ

ਮੇਰੇ ਨਾਲ ਜੇਕਰ ਭਗਤ ਸਿੰਘ ਹੁੰਦਾ
ਸੁੱਕਾ ਇੱਕ ਵੀ ਏਥੋਂ ਨਾ ਜਾਣ ਦੇਂਦਾ
ਬੰਬ ਮਾਰਕੇ ਸਾਰੇ ਉਡਾ ਦੇਂਦਾ
ਦੁਸ਼ਾਂ ਸਾਰਿਆਂ ਦਾ ਕਰ ਘਾਣ ਦੇਂਦਾ
ਆਪਣੇ ਗਿਣ ਗਿਣਕੇ ਬਦਲੇ ਉਹ ਲੈਂਦਾ



Sri Satguru Jagjit Singh Ji Elibrary NamdhariElibrary@gmail.com

ਮੇਰੇ ਵਾਗਰਾਂ ਪਾ ਘਮਸਾਨ ਦੇਂਦਾ
ਖ਼ੂਨੀ ਵਰਕੇ ਇਤਹਾਸ ਦੇ ਫ਼ੋਲਕੇ ਤੇ
ਇੱਕ ਇੱਕ ਕਰਕੇ ਲਾਹ ਮਕਾਣ ਦੇਂਦਾ

ਸਾਰੀ ਅਣਖ ਤੇ ਗ਼ੈਰਤ ਵੰਗਾਰ ਥਿਲੇ
ਤੇਰੀ ਮੰਜੀ ਦੀ ਢਿੱਲੀ ਏ ਦੌਣ ਹੋ ਗਈ
ਲਾਵਾ ਫਟਿਆ ਜਵਾਲਾ ਦਾ ਭੈਣੀ ਸਾਹਿਬੋਂ
ਤੇਰੀ ਵੇਖ ਉਹਨੂੰ ਪਤਲੀ ਤੌਣ ਹੋ ਗਈ
ਧਰਤੀ ਖ਼ੂਨ ਦੇ ਨਾਲ ਏ ਗਈ ਰੰਗੀ
ਛੇਕੋਂ ਛੇਕ ਪੰਜਾਬ ਦੀ ਪੌਣ ਹੋ ਗਈ
ਮੇਰੀ ਖ਼ਬਰ ਪੁੱਜੀ ਹਿੰਦੋਸਤਾਨ ਅੰਦਰ
ਗਿੱਠ ਉੱਚੀ ਪੰਜਾਬ ਦੀ ਧੌਣ ਹੋ ਗਈ

ਰੱਸਾ ਫਾਂਸੀ ਦਾ ਪਾ ਕੇ ਗਲ ਅੰਦਰ
ਕਿੱਸਾ ਤੋਰਿਆ ਨਵੀਆਂ ਕਹਾਣੀਆਂ ਦਾ
ਸ਼ਾਮਲ ਉਸ ਕਤਾਰ ਵਿੱਚ ਮੈਂ ਹੋਇਆ
ਪੂਰ ਲੰਘ ਗਿਆ ਜਿੱਥੋਂ ਦੀ ਹਾਣੀਆਂ ਦਾ
ਭਾਰਤ ਮਾਂ ਦਾ ਹੋਇਆ ਅੱਜ ਦੁੱਧ ਸਫਲਾ
ਜ਼ਖ਼ਮ ਭਰੇਗਾ ਸੱਟਾਂ ਪੁਰਾਣੀਆਂ ਦਾ
ਦੇਣਾ ਮੇਰਾ ਸੁਨੇਹਾ ਪੰਜਾਬੀਆਂ ਨੂੰ
ਬਦਲਾ ਲੈ ਮਰਿਆ ਪੰਜਾਂ ਪਾਣੀਆਂ ਦਾ

ਬੁਜ਼ਦਿਲੋ ਕਾਇਰੋ ਗੱਲ ਸਮਝ ਲੈਣੀ
ਮੇਰੀ ਅਰਥੀ ਨੂੰ ਭਾਰਤ ਪੁਚਾ ਦਿਆ ਜੇ
ਤੁਰਨ ਲਗਿਆਂ ਭਾਰਤ ਦਾ ਖਿੱਚ ਨਕਸ਼ਾ
ਥਾਂ ਕਫ਼ਨ ਦੀ ਅਰਥੀ ਤੇ ਪਾ ਦਿਆ ਜੇ
ਪਾਵਨ ਪਾਕ ਪੰਜਾਬ ਦੀ ਧਰਤੀ ਵਾਲੀ
ਮਿੱਟੀ ਥੋੜੀ ਜਹੀ ਮੱਥੇ ਤੇ ਲਾ ਦਿਆ ਜੇ
ਪੰਜਾਂ ਪਾਣੀਆਂ ਨਾਲ ਨੁਹਾ ਕੇ ਤੇ
ਪ੍ਰੀਤ ਅਗਨ ਦੀ ਭੇਟ ਚੜ੍ਹਾ ਦਿਆ ਜੇ



Sri Satguru Jagjit Singh Ji Elibrary NamdhariElibrary@gmail.com

(14)

## ਚਾਲੀ ਮੁਕਤੇ

ਖੂਨੀ ਧਰਤ ਖਿਦਰਾਣੇ ਦੀ ਢਾਬ ਉੱਤੇ
ਵਰਤ ਗਿਆ ਕੋਈ ਨਵਾਂ ਘਮਸਾਨ ਦਿਸੇ
ਭਾਣਾ ਵਰਤਿਆ ਆਣ ਕੇ ਕਹਿਰ ਵਾਲਾ
ਕੰਬੇ ਵੇਖਕੇ ਜਿਮੀਂ ਅਸਮਾਨ ਦਿਸੇ
ਚੜ੍ਹੀ ਵੇਖੀ ਏ ਲੋਥ ਤੇ ਲੋਥ ਏਥੇ
ਬਹੁਤੇ ਮੋਏ ਕੁਝ ਫਟੜ ਜਵਾਨ ਦਿਸੇ
ਖੂਨ ਡੁਲ੍ਹਾ ਚੁਫੇਰੇ ਹੀ ਯੋਧਿਆਂ ਦਾ
ਹੋਈ ਧਰਤੀ ਲਹੂ ਲੁਹਾਨ ਦਿਸੇ

ਗਏ ਸੂਰਮੇ ਖੂਨ ਦੀ ਖੇਡ ਹੋਲੀ
ਹੋਲੀ ਵੇਖਕੇ ਭਰੀ ਮੁਸਕਾਣ ਫਿਰਦੇ
ਹਾਰ ਵੇਖਕੇ ਗਾਜ਼ੀਆਂ ਵੈਰੀਆਂ ਦੀ
ਨੰਗੀਂ ਪੈਰੀਂ ਉਹ ਸਖੀ ਸੁਲਤਾਨ ਫਿਰਦੇ
ਭਰੇ ਲੋਥਾਂ ਦੇ ਏਸ ਪੰਡਾਲ ਅੰਦਰ
ਵਾਲੀ ਪੰਥ ਦਾ ਪੁਰਖ ਮਹਾਨ ਫਿਰਦੇ
ਲੜੇ ਮਰੇ ਜੋ ਕੌਮ ਤੇ ਧਰਮ ਖਾਤਰ
ਕੀਮਤ ਪੌਣ ਲਈ ਆਪ ਭਗਵਾਨ ਫਿਰਦੇ

ਜ਼ੌਹਰੀ ਜਿਸ ਤਰ੍ਹਾਂ ਲਾਲਾਂ ਦੀ ਪਰਖ ਕਰਦੇ
ਤਿਵੇਂ ਪਰਖਦੇ ਆਪਣੇ ਪਿਆਰਿਆਂ ਨੂੰ
ਮੁੱਖ ਨਾਲ ਰੁਮਾਲ ਦੇ ਪੂੰਝ ਕੇ ਤੇ
ਦੇਂਦੇ ਹੌਸਲਾ ਆਪ ਦੁਲਾਰਿਆਂ ਨੂੰ
ਆਖੇ ਕਿਸੇ ਨੂੰ ਸੂਰਮਾ ਸਿੰਘ ਮੇਰਾ



Sri Satguru Jagjit Singh Ji Elibrary NamdhariElibrary@gmail.com

ਦਿੱਤਾ ਮਾਣ ਸੀ ਚੰਨ ਨੇ ਤਾਰਿਆਂ ਨੂੰ
ਮੱਥਾ ਚੁੰਮਕੇ ਹਿੱਕ ਦੇ ਨਾਲ ਲਾਇਐ
ਵਾਰੀ ਵਾਰੀ ਉਹਨੇ ਸਿੰਘਾਂ ਸਾਰਿਆਂ ਨੂੰ

ਦੂਜੇ ਪਾਸਿਓਂ ਦੁਖੀਏ ਦੀ ਵਾਜ ਸੁਣਕੇ
ਦਿਲ ਭਰ ਗਿਆ ਦਸਵੇਂ ਅਵਤਾਰ ਦਾ ਏ
ਹੱਥਾਂ ਵਿੱਚ ਲੈ ਉਸਦੇ ਪੂੰਝ ਅਥਰੂ
ਉਡਕੇ ਛਾਤੀ ਚੁਫੇਰੇ ਨੂੰ ਮਾਰਦਾ ਏ
ਕੋਲ ਆ ਗਿਆ ਸਹਿਕਦੇ ਮਹਾਂ ਸਿੰਘ ਦੇ
ਤੱਕਿਆ ਮਹਾਂ ਸਿੰਘ ਮੁੱਖ ਦਾਤਾਰ ਦਾ ਏ
ਅਸੀਂ ਗੁਰੂ ਜੀ ਹੋਏ ਬੇਮੁੱਖ ਤੈਥੋਂ
ਹੱਥ ਜੋੜ ਕੇ ਅਰਜ਼ ਗੁਜ਼ਾਰਦਾ ਏ

ਕਲਗੀ ਵਾਲੇ ਨੇ ਦੇ ਕੇ ਪਿਆਰ ਕਿਹਾ
ਕਿਸੇ ਗਲ ਦਾ ਮਹਾਂ ਸਿਆਂ ਦੁੱਖ ਤੇ ਨਹੀਂ
ਗੱਲਾਂ ਯਾਦ ਆਈਆਂ ਅੱਖਾਂ ਭਰ ਗਈਆਂ
ਤੈਥੋਂ ਵਿਛੜਕੇ ਮਿਲਿਆ ਸੁੱਖ ਤੇ ਨਹੀਂ
ਅਗੋਂ ਹਸਕੇ ਕਿਹਾ ਦਸ਼ਮੇਸ਼ ਜੀ ਨੇ
ਕਿਸੇ ਗੱਲ ਦੀ ਸੂਰਿਆ ਭੁੱਖ ਤੇ ਨਹੀਂ
ਤੁਸੀਂ ਮਹਾਂ ਸਿੰਘਾ ਬੇਸ਼ਕ ਬੇਮੁੱਖ ਹੋਏ
ਕੀਤਾ ਅਸਾਂ ਤੈਨੂੰ ਬੇਮੁੱਖ ਤੇ ਨਹੀਂ

ਜੋ ਜੀ ਕਰਦੈ ਮੈਥੋਂ ਮੰਗ ਛੇਤੀ
ਜੋ ਜੀ ਕਰਦੈ ਜਾਂਦੀ ਵਾਰ ਮੰਗ ਲੈ
ਤੇਰੇ ਉਤੇ ਮੈਂ ਹਾਂ ਮੇਹਰਬਾਨ ਹੋਇਆ
ਇੱਕੋ ਵਾਰ ਮੰਗਲੈ ਸੌ ਸੌ ਵਾਰ ਮੰਗ ਲੈ
ਜਿਊਣਾ ਚਹੁੰਨਾ ਏ ਜੇਕਰ ਜਹਾਨ ਅੰਦਰ
ਨਾਲ ਜਿਊਣ ਦੇ ਮੌਜ ਬਹਾਰ ਮੰਗ ਲੈ
ਮਾਇਆ ਮੰਗ ਭਾਵੇਂ ਮੰਗ ਬਾਦਸ਼ਾਹੀ
ਜੋ ਕੁਝ ਮਰਜ਼ੀਆਂ ਸੋਹਣੇ ਸਰਦਾਰ ਮੰਗ ਲੈ



Sri Satguru Jagjit Singh Ji Elibrary NamdhariElibrary@gmail.com

ਅੱਗੋਂ ਕਿਹਾ ਹੱਥ ਜੋੜ ਕੇ ਮਹਾਂ ਸਿੰਘ ਨੇ
ਤੇਰੇ ਦਰ ਉਤੇ ਗੁਨਾਹਗਾਰ ਹਾਂ ਮੈਂ
ਭੁਲਾਂ ਕੀਤੀਆਂ ਸਾਰੀਆਂ ਬਖਸ਼ ਦੇਵੋ
ਤੇਰੇ ਚਰਨਾਂ ਦੀ ਧੂੜ ਦਤਾਰ ਹਾਂ ਮੈਂ
ਅੱਖਾਂ ਸਾਂਹਵੇ ਬੇਦਾਵੇ ਨੂੰ ਪਾੜ ਦੇਵੋ
ਏਸ ਗਲ ਦੇ ਉੱਤੇ ਲਾਚਾਰ ਹਾਂ ਮੈਂ
ਬਖਸ਼ਣ ਹਾਰ ਹੋ ਕੇ ਟੁੱਟੀ ਗੰਢ ਦੇਵੋ
ਮੇਰੇ ਪਾਤਸ਼ਾਹ ਵੇ ਭੁਲਣ ਹਾਰ ਹਾਂ ਮੈਂ

ਚਾਲੀ ਮੁਕਤੇ ਤਾਂ ਮੁਕਤੀਆਂ ਪਾ ਗਏ ਨੇ
ਕੌਮ ਧਰਮ ਲਈ ਜੋਹੜੇ ਕੁਰਬਾਨ ਹੋ ਗਏ
ਲੜੇ ਕੌਮ ਖਾਤਰ ਮਰੇ ਧਰਮ ਖਾਤਰ
ਉੱਚੇ ਜਗ ਤੇ ਨਾਮੋ ਨਿਸ਼ਾਨ ਹੋ ਗਏ
ਅੱਖਾਂ ਸਾਹਵੇਂ ਬੇਦਾਵਾ ਸੀ ਪਾੜ ਦਿੱਤਾ
ਗੁਰੂ ਸਿੱਖ ਉੱਤੇ ਮੇਹਰਬਾਨ ਹੋ ਗਏ
ਮੇਲੇ ਲਗਦੇ ਲੋਕ ਵੀ ਪੂਜਦੇ ਨੇ
ਪ੍ਰੀਤ ਅਮਰ ਉਹ ਵਿੱਚ ਜਹਾਨ ਹੋ ਗਏ



Sri Satguru Jagjit Singh Ji Elibrary NamdhariElibrary@gmail.com

## (15)
## ਭਾਈ ਘਨਈਆ

ਸੇਵਕ ਇਕ ਪਿਆਰਾ ਗੋਬਿੰਦ ਗੁਰ ਦਾ
ਅਤੇ ਭਾਈ ਘਨਈਆ ਸੀ ਨਾਮ ਉਸਦਾ
ਆਪਾ ਅਰਪਣ ਕੀਤਾ ਵਿੱਚ ਗੁਰੂ ਚਰਨੀਂ
ਗੋਬਿੰਦ ਰੱਬ ਉਸਦਾ ਗੋਬਿੰਦ ਰਾਮ ਉਸਦਾ
ਸਾਂਝੀਵਾਲਤਾ ਦੀ ਸੋਹਣੀ ਉਹ ਸੂਰਤ
ਗੁਰੂ ਘਰ ਦੇ ਵੱਲ ਇਲਹਾਮ ਉਸਦਾ
ਬੋਲੇ ਕਦੀ ਨਾ ਮੈਲੇ ਉਹ ਬੋਲ ਮੁੱਖੋਂ
ਮਿੱਠਾ ਬੋਲਣ ਦਾ ਰਿਹਾ ਪੈਗਾਮ ਉਸਦਾ

ਇਕ ਵੇਰ ਜਦ ਪੁਰੀ ਅਨੰਦ ਤਾਈਂ
ਘੇਰ ਲਿਆ ਸੀ ਆਣ ਜਰਵਾਣਿਆ ਨੇ
ਨਾਲ ਗੁਰਾਂ ਦੇ ਲਾਇਆ ਸੀ ਆਣ ਮੌਥਾ
ਬਿਨਾ ਗੱਲ ਤੋਂ ਹੀ ਮਰਜਾਣਿਆ ਨੇ
ਏਧਰ ਥੋੜੇ ਕੁ ਗੁਰਾਂ ਦੇ ਸਿੰਘ ਪਿਆਰੇ
ਘੇਰਾ ਪਾਇਆ ਸੀ ਲੱਖਾਂ ਮੁਗਲਾਣਿਆਂ ਨੇ
ਏਧਰ ਸਿੰਘ ਥੋੜੇ ਓਧਰ ਮੁਗਲ ਬਹੁਤੇ
ਪੁੱਠੇ ਵਾਰ ਕੀਤੇ ਤਿੰਨਾ ਕਾਣਿਆਂ ਨੇ

ਅਨੰਦ ਪੁਰ 'ਚ ਹੋਇਆ ਘਮਸਾਨ ਭਾਰਾ
ਤੀਰ ਬਰਛੇ ਤਲਵਾਰਾਂ ਨੇ ਛੁਟ ਪਈਆਂ
ਖੂਨ ਪਾਣੀ ਦੇ ਵਾਂਗਰਾਂ ਵਹਿ ਤੁਰਿਆ
ਦੂਹੀਂ ਪਾਸੀਂ ਆ ਕੇ ਫੌਜਾਂ ਜੁੱਟ ਪਈਆਂ
ਚਲੀਆਂ ਗੋਲੀਆਂ ਰਣ ਵਿੱਚ ਵਾਂਗ ਬਿਜਲੀ



Sri Satguru Jagjit Singh Ji Elibrary NamdhariElibrary@gmail.com

ਮਾਣਸ ਖਾਣੀਆਂ ਮੂੰਹੋਂ ਨੇ ਭੁੱਟ ਪਈਆਂ
ਕਈ ਮਾਵਾਂ ਦੇ ਪੁੱਤਰ ਸ਼ਹੀਦ ਹੋ ਗਏ
ਆਣ ਸੂਰਿਆਂ ਤੇ ਮੌਤਾਂ ਟੁੱਟ ਪਈਆਂ

ਵੇਖੇ ਰੰਗ ਨਿਆਰੇ ਦਸ਼ਮੇਸ਼ ਤੇਰੇ
ਗੱਲ ਅਜਬ ਕੀਤੀ ਤੇਰੇ ਲਾਡਲੇ ਨੇ
ਮੋਢੇ ਚੁੱਕ ਮਸ਼ਕ ਹੱਥ ਫੜ ਮਾਲਾ
ਗੁਣ ਗੋਬਿੰਦ ਗਾਇਆ ਤੇਰੇ ਲਾਡਲੇ ਨੇ
ਓਸ ਸਹਿਕਦੇ ਆਣ ਬਚਾਏ ਲੱਖਾਂ
ਪਾਣੀ ਮੂੰਹ ਪਾਇਆ ਤੇਰੇ ਲਾਡਲੇ ਨੇ
ਇਹ ਵੇਖਿਆ ਨਹੀਂ ਸਿੱਖ ਕੇ ਹੈ ਗਾਜ਼ੀ
ਅੱਲਾ ਰੱਬ ਧਿਆਇਆ ਤੇਰੇ ਲਾਡਲੇ ਨੇ

ਭਾਈ ਜਿਸ ਦੇ ਮੂੰਹ ਵਿੱਚ ਪਾਵੇ ਪਾਣੀ
ਹੱਥਾਂ ਵਿੱਚ ਹਥਿਆਰ ਉਹ ਫੜਣ ਲੱਗ ਪਏ
ਗੁੱਸਾ ਖਾ ਕੇ ਉਠ ਖਲੋ ਜਾਵਣ
ਉਠ ਨਾਲ ਸਿੰਘਾਂ ਵੈਰੀ ਲੜਨ ਲੱਗ ਪਏ
ਏਕ ਨੂਰ ਤੇ ਉਪਜਿਆ ਜਗ ਸਾਰਾ
ਏਹ ਤੁਕ ਘਨੱਈਆ ਜੀ ਪੜ੍ਹਣ ਲਗ ਪਏ
ਏਹ ਵੈਰੀ ਨੂੰ ਵੈਰੀ ਤਾਂ ਸਮਝਦਾ ਨਹੀਂ
ਖੁੜ ਵਿੱਚ ਗੁੱਸੇ ਸਿੰਘ ਕੜ੍ਹਨ ਲਗ ਪਏ

ਗੁਰੂ ਚਰਨਾਂ ਵਿੱਚ ਅਰਜ਼ ਗੁਜ਼ਾਰ ਦਿੱਤੀ
ਭਾਈ ਜੀ ਕੀ ਭਾਣਾ ਵਰਤਾਈ ਜਾਂਦੇ
ਸਾਨੂੰ ਜਾਪਦੇ ਹੈ ਗਿਆ ਏਹ ਪਾਗਲ
ਕੰਮ ਕਰੀ ਇਹ ਵਾਂਗ ਸ਼ੁਦਾਈ ਜਾਂਦੈ
ਅਸੀਂ ਜਿਸ ਨੂੰ ਮਾਰ ਮੁਕਾਈ ਜਾਂਦੇ
ਉਹ ਉਹਨਾਂ ਦੇ ਤਾਈਂ ਜੀਵਾਈ ਜਾਂਦੇ
ਨਹੀਂ ਵੇਖਦਾ ਸਿੱਖ ਕੇ ਹੈ ਮੋਮਨ
ਪਾਣੀ ਸਭ ਦੇ ਮੂੰਹ ਵਿੱਚ ਪਾਈ ਜਾਂਦੇ



Sri Satguru Jagjit Singh Ji Elibrary NamdhariElibrary@gmail.com

ਜਾਣੀ ਜਾਣ ਉਸ ਗੁਰੂ ਦਸ਼ਮੇਸ਼ ਜੀ ਨੇ
ਹੁਕਮ ਆਪਣੇ ਮੁਖੋਂ ਸੁਣਾਇਆ ਏ
ਇਕ ਭੇਜ ਸੁਨੇਹਾ ਘਨਈਏ ਤਾਈਂ
ਝਟ ਵਿੱਚ ਦਰਬਾਰ ਬੁਲਾਇਆ ਏ
ਹੁਕਮ ਸੁਣਦਿਆਂ ਰਤਾ ਨਾ ਦੇਰ ਲਾਈ
ਸਿੱਖ ਵੇਖ ਦੂਰੋਂ ਭਜਾ ਆਇਆ ਏ
ਸਿੱਖ ਕਹਿੰਦੇ ਨੇ ਗੈਰਾਂ ਨੂੰ ਪਿਆਏ ਪਾਣੀ
ਹੱਸਕੇ ਨਾਲ ਸੀਨੇ ਸਿੱਖ ਲਾਇਆ ਏ

ਜਾਣੇ ਤੇਰੀਆਂ ਤੂੰ ਹੀ ਦਾਤਾਰ ਮੇਰੇ
ਮੈਂ ਤਾਂ ਤੇਰਾ ਹੀ ਰੂਪ ਤਕਾਈ ਜਾਨਾਂ
ਕੌਣ ਦੁਸ਼ਮਣ ਤੇ ਏਥੇ ਹੈ ਕੌਣ ਸੱਜਣ
ਤੇਰੇ ਸਮਝ ਕੇ ਸੇਵ ਕਮਾਈ ਜਾਨਾਂ
ਜਿਧਰ ਜਿਧਰ ਵੀ ਨਿਗਾਹ ਮੈਂ ਮਾਰਦਾ ਹਾਂ
ਉਧਰ ਤੇਰਾ ਹੀ ਰੂਪ ਤਕਾਈ ਜਾਨਾਂ
ਸੱਚ ਪੁੱਛੋ ਤਾਂ ਮੇਰੇ ਦਤਾਰ ਜੀਓ
ਤੇਰੇ ਸਮਝਕੇ ਪਾਣੀ ਪਿਆਈ ਜਾਨਾਂ

ਅੱਗੋਂ ਹੱਸ ਬੋਲੇ ਮੇਹਰਬਾਨ ਸਤਿਗੁਰ
ਸਮਝ ਆਪਣੇ ਪਾਣੀ ਪਿਆਈ ਜਾ ਤੂੰ
ਤੂੰ ਨਿਰਵੈਰ ਏਂ ਤੇਰਾ ਤੇ ਵੈਰੀ ਕੋਈ ਨਹੀਂ
ਪਰਉਪਕਾਰੀਆ ਨੇਕੀ ਕਮਾਈ ਜਾ ਤੂੰ
ਤੂੰ ਵਿੱਚ ਖੁਦਾਈ ਖੁਦਾ ਵੇਖੇਂ
ਪਾਣੀ ਪਾ ਕੇ ਠੰਢ ਵਰਤਾਈ ਜਾ ਤੂੰ
ਏਸ ਜੰਗ ਵਿੱਚ ਜੇਹੜੇ ਨੇ ਹੋਏ ਫੱਟੜ
ਮਰਹਮ ਪੱਟੀ ਵੀ ਜਖ਼ਮਾਂ ਤੇ ਲਾਈ ਜਾ ਤੂੰ

ਲੋੜ ਫੇਰ ਹੈ ਸਮੇਂ ਨੂੰ ਪਈ ਮੁੜਕੇ
ਬਣਕੇ ਭਾਈ ਘਨੱਈਆ ਕੋਈ ਆਏ ਏਥੇ
ਹੋਈ ਫੱਟੜ ਅੱਜ ਫੇਰ ਮਨੁੱਖਤਾ ਹੈ



Sri Satguru Jagjit Singh Ji Elibrary NamdhariElibrary@gmail.com

ਮਰਹਮ ਪਿਆਰ ਦੀ ਆਣਕੇ ਲਾਏ ਏਥੇ
ਏਕ ਨੂਰ ਤੇ ਉਪਜਿਆ ਜੱਗ ਸਾਰਾ
ਕੋਈ ਵਾਂਗ ਘਨੱਈਏ ਸਮਝਾਏ ਏਥੇ
ਅਮਨ ਏਕੇ ਅਹਿੰਸਾ ਦਾ ਸਬਕ ਦੇ ਕੇ
ਪਾਣੀ ਪ੍ਰੀਤ ਦਾ ਕੋਈ ਪਿਆਏ ਏਥੇ



Sri Satguru Jagjit Singh Ji Elibrary NamdhariElibrary@gmail.com

## (16)

# ਸ਼ਹੀਦ ਭਗਤ ਸਿੰਘ ਦੀ ਮੜ੍ਹੀ ਉੱਤੇ ਮਾਂ ਦੀ ਪੁਕਾਰ

ਉਠ ਹੀਰਿਆਂ ਸੋਹਣਿਆਂ ਲਾਡਲਿਆ
ਗੂੜ੍ਹੀ ਨੀਂਦ ਨਾਲ ਹੋ ਗਿਆ ਪਿਆਰ ਤੇਰਾ
ਘੂਕ ਸੁਤਾ ਤੂੰ ਕਿੰਨਾ ਦੇ ਦਿਨ ਚੜ੍ਹਿਆ
ਲੱਥਾ ਨੀਂਦ ਦਾ ਨਹੀਂ ਖ਼ੁਮਾਰ ਤੇਰਾ
ਵਾਜਾਂ ਮਾਰ ਕੇ ਮਾਂ ਬੁਲਾਂਵਦੀਆਂ
ਦੁੱਖ ਮੋਹ ਦਾ ਪੁੱਤਰ ਸਰਦਾਰ ਤੇਰਾ
ਅੱਖੀਆਂ ਖੋਲ੍ਹਕੇ ਬੋਲਕੇ ਕਰ ਗੱਲਾਂ
ਦਿਲ ਤੋਂ ਲਹਿ ਜਾਵੇ ਚੰਨਾ ਭਾਰ ਤੇਰਾ

ਸਤਿਲੁਜ ਕੰਢੇ ਡੇਰਾ ਆਣ ਲਾਇਐ
ਕਿਵੇਂ ਕੱਟੇਂ ਗਾ ਬਿਨ ਪ੍ਰਵਾਰ ਦੱਸਦੇ
ਜੇਹੜੀ ਖੇਡ ਬਗਾਵਤ ਦੀ ਖੇਡ ਚਲਿਐਂ
ਏਹਦਾ ਸਾਂਭੇਗਾ ਕੌਣ ਖਲਾਰ ਦੱਸਦੇ
ਚਾਰੇ ਪਾਸੇ ਹੀ ਸੁੰਨ ਮਸਾਣ ਹੋਈ
ਕਿੱਦਾਂ ਵਸੇਗਾ ਸਾਡਾ ਸੰਸਾਰ ਦੱਸਦੇ
ਏਹਨਾਂ ਗੋਰਿਆਂ ਲਾਹੇ ਲੰਗਾਰ ਜੇਹੜੇ
ਏਹ ਸੀਏਗਾ ਕੌਣ ਲੰਗਾਰ ਦਸਦੇ

ਮੁੱਢ ਬੰਨ੍ਹਿਆ ਜਿਨੇ ਅਜ਼ਾਦੜੀ ਦਾ
ਹੋ ਪ੍ਰਦੇਸੀ ਸਮੁੰਦਰੋਂ ਪਾਰ ਗਿਆ
ਲਾਜਪਤ ਪਟੇਲ ਸੁਭਾਸ਼ ਚੰਦਰ



Sri Satguru Jagjit Singh Ji Elibrary NamdhariElibrary@gmail.com

ਕਿੱਥੇ ਰਾਜ ਸੁਖਦੇਵ ਵੀ ਯਾਰ ਗਿਆ
ਊਧਮ ਸਿੰਘ ਭਕਨਾਂ ਭਾਸੀ ਦੀ ਰਾਣੀ
ਕਿੱਥੇ ਦਸ ਸਰਾਭਾ ਕਰਤਾਰ ਗਿਆ
ਤੇਰਾ ਨਾਂ ਲੈ ਕੇ ਮੇਰੇ ਪੁੱਤਰਾ ਵੇ
ਤੈਨੂੰ ਰੋਂਦਾ ਈ ਗਾਂਧੀ ਜਵਾਹਰ ਗਿਆ

ਗੈਰਾਂ ਹਥੋਂ ਨਾ ਜਰਦਾ ਸੈਂ ਫੁੱਲ ਵਜਾ
ਮਿੱਟੀ ਵਤਨ ਦੀ ਦਾ ਸਿਰ ਭਾਰ ਪਿਆ
ਪਹਿਲੋਂ ਪਾਣਾ ਸੀ ਕਬਰ ਵਿੱਚ ਗੋਰਿਆਂ ਨੂੰ
ਆਕੇ ਪਹਿਲੋਂ ਹੀ ਮੜ੍ਹੀ ਵਿਚਕਾਰ ਪਿਆ
ਪਹਿਲਾਂ ਮਾਪਿਆਂ ਤੋਂ ਤੈਨੂੰ ਕਾਹਲ ਪੈ ਗਈ
ਇਹ ਦਿਲ ਨੂੰ ਸੋਚ ਵਿਚਾਰ ਪਿਆ
ਤੇਰੇ ਨਾਲ ਸੀ ਵਸਦਾ ਸੰਸਾਰ ਮੇਰਾ
ਤੇਰੇ ਬਾਝ ਹੀ ਸੁੰਨਾ ਸੰਸਾਰ ਪਿਆ

ਕਿਨਾਂ ਮਾਂ ਦੇ ਚੜ੍ਹ ਗਿਉ ਮੌਤ ਡੋਲੀ
ਕੋਲ ਹੁੰਦੀ ਤੇ ਸਾਰੇ ਵਿਹਾਰ ਕਰਦੀ
ਵਟਨੇ ਮਲ੍ਹਕੇ ਹੱਥੀਂ ਨੁਹਾ ਲੈਂਦੀ
ਜਾਂਦੀ ਵੇਰ ਦੇ ਸਾਰੇ ਸ਼ਿਗਾਰ ਕਰਦੀ
ਗੀਤ ਗਾ ਲੈਂਦੀ ਹੌਲਾ ਦਿਲ ਕਰਦੀ
ਸਾਰੇ ਸ਼ਗਨ ਮੈਂ ਤੇਰੇ ਦੁਲਾਰ ਕਰਦੀ
ਚਿਖਾ ਜੋੜ ਹੱਥੀਂ ਲੰਬੂ ਲਾ ਦੇਂਦੀ
ਤੇਰਾ ਸੋਹਣਿਆ ਹੱਥੀਂ ਸਸਕਾਰ ਕਰਦੀ

ਦੀਵਾ ਘਿਉ ਦਾ ਬਾਲ੍ਹਕੇ ਮੜ੍ਹੀ ਉਤੇ
ਤੈਨੂੰ ਰਜਕੇ ਪੁੱਤਰਾਂ ਰੋ ਲੈਂਦੀ
ਦੋ ਕਰ ਲੈਂਦੀ ਤੇਰੇ ਨਾਲ ਗੱਲਾਂ
ਦੋ ਅੱਖੀਆਂ ਦੇ ਹੰਝੂ ਚੋ ਲੈਂਦੀ
ਤੇਰਾ ਨਾਂ ਲੈ ਲੈ ਵਾਜਾਂ ਮਾਰਦੀ ਮੈਂ
ਰਤਾ ਮੜ੍ਹੀ ਦੇ ਕੋਲ ਖਲੋ ਲੈਂਦੀ



Sri Satguru Jagjit Singh Ji Elibrary NamdhariElibrary@gmail.com

ਤੇਰੀ ਪ੍ਰੀਤ ਅੰਦਰ ਮੇਰੇ ਪੁੱਤਰਾ ਵੇ
ਬੂਹੇ ਅੱਖਾਂ ਦੇ ਸਦਾ ਲਈ ਢੋ ਲੈਂਦੀ

ਮਾਵਾਂ ਹੁੰਦਿਆਂ ਜਿੰਨਾਂ ਦੇ ਮਰਨ ਪੁੱਤਰ
ਨਾ ਉਹ ਜਿਉਂਦੀਆਂ ਤੇ ਨਾ ਉਹ ਮਰਦੀਆਂ ਨੇ
ਰਾਤ ਦਿਨ ਉਹ ਹਉਕੇ ਤੇ ਭਰਨ ਹਉਕੇ
ਮੋਏ ਪੁੱਤ ਦਾ ਦੁਖ ਨਾ ਜਰਦੀਆਂ ਨੇ
ਰੋਂਦੀਆਂ ਰਹਿਣ ਯਾਦਾਂ ਦੇ ਵਿੱਚ ਬਹਿਕੇ
ਨਾਲੇ ਪੁੱਤਰਾ ਪੁੱਤਰਾ ਕਰਦੀਆਂ ਨੇ
ਕਿਸੇ ਅੱਗੇ ਨਾ ਦਿਲ ਦਾ ਦੁੱਖ ਰੋਵਣ
ਨਿਤ ਅੱਖੀਆਂ 'ਚ ਹੰਝੂ ਭਰਦੀਆਂ ਨੇ

ਏਸ ਦੁੱਖ ਵਰਗਾ ਹੁੰਦਾ ਦੁੱਖ ਕੋਈ ਨਹੀਂ
ਕਰਮ ਸੌਂ ਗਏ ਕਰਮ ਸਰਾਪਿਆ ਦੇ
ਸੁਪਨੇ ਵਿੱਚ ਨਾ ਸੁੱਖ ਦਾ ਸਾਹ ਆਵੇ
ਔਖੇ ਲੰਘਦੇ ਦਿਨ ਸਿਆਪਿਆ ਦੇ
ਇਸ ਜਿੰਦ ਦੇ ਵਿੱਚੋਂ ਨਾ ਜਿੰਦ ਨਿਕਲੇ
ਜਿੰਦ ਅੜੀ ਰਹਿੰਦੀ ਵਿੱਚ ਛਾਪਿਆਂ ਦੇ
ਕਦੇ ਪੈਣ ਨਾ ਵੈਣ ਘਰ ਵੈਰੀਆਂ ਦੇ
ਪੁੱਤਰ ਮਰਨ ਨਾ ਹੁੰਦਿਆਂ ਮਾਪਿਆਂ ਦੇ

ਜੀਹਦੀ ਗੋਦ ਅੰਦਰ ਜਾ ਕੇ ਬਹਿ ਗਿਆ ਏਂ
ਮੈਂ ਸਾਂ ਛੋਟੀ ਉਹ ਮਾਂ ਵੱਡੀ
ਤੇਰੇ ਸਿਰ ਤੇ ਸਦਾ ਜਿਸ ਛਾਂ ਕੀਤੀ
ਮੈਂ ਛਾਂ ਛੋਟੀ ਉਹਦੀ ਛਾਂ ਵੱਡੀ
ਤੇਰੇ ਕਰਕੇ ਹੀ ਮਿਲਿਆ ਮਾਣ ਮੈਨੂੰ
ਏਸ ਮਾਣ ਨਾਲ ਹੋਈ ਏ ਬਾਂਹ ਵੱਡੀ
ਕੀ ਭਾਰਤ ਪੰਜਾਬ ਵਿਦੇਸ਼ ਅੰਦਰ
ਹਰ ਥਾਂ ਕੀਤੀ ਮੇਰੀ ਥਾਂ ਵੱਡੀ



Sri Satguru Jagjit Singh Ji Elibrary NamdhariElibrary@gmail.com

ਲੋਕੋ ਹੋਈ ਹਾਂ ਅੱਜ ਮੈਂ ਵਡਭਾਗਣ
ਸਫਲਾ ਕਰਕੇ ਛਾਤੀ ਦਾ ਸ਼ੀਰ ਸੁੱਤਾ
ਗਿੱਠ ਉੱਚੀ ਪੰਜਾਬ ਦੀ ਧੌਣ ਹੋ ਗਈ
ਭਾਰਤ ਮਾਂ ਨੂੰ ਕਰ ਅਮੀਰ ਸੁੱਤਾ
ਪੰਜ-ਆਬ ਦੀ ਮਿੱਟੀ ਉਹ ਲਾ ਮੱਥੇ
ਦੋਵਾਂ ਵੀਰਾਂ ਨੂੰ ਲੈ ਕੇ ਵੀਰ ਸੁੱਤਾ
ਰੁਤਬਾ ਪਾ ਕੇ ਪ੍ਰੀਤ ਕੁਰਬਾਨੀਆਂ ਦਾ
ਦੇਸ਼ ਕੌਮ ਦੀ ਪਲਟ ਤਕਦੀਰ ਸੁੱਤਾ



Sri Satguru Jagjit Singh Ji Elibrary NamdhariElibrary@gmail.com

# 30 ਮਾਰਚ ਨੂੰ ਅਡਵਾਨੀ ਦਾ ਬਿਆਨ
# ਕੂਕੇ ਸ਼ਹੀਦ ਨਹੀਂ ਹੋਏ

ਏਹਨਾਂ ਦੇਸ਼ ਅਜ਼ਾਦੀ ਦੇ ਮੋਢੀਆਂ ਨੂੰ
ਜਾਣ ਬੁਝ ਕੇ ਕਮਲਿਆ ਛੇੜ ਬੈਠੇਂ
ਏਹਨਾ ਵੇਖ ਲਈਂ ਨਹੀਂ ਲਿਹਾਜ਼ ਕਰਨਾ
ਐਵੇਂ ਸਾਂਢੀਊ ਪਾ ਦਵੇੜ ਬੈਠੇਂ
ਕਦੀ ਡਰੇ ਨਹੀਂ ਨਾ ਇਹ ਡਰਨ ਵਾਲੇ
ਜਿਹਨਾਂ ਨਾਲ ਉਲਟੇ ਪਾ ਕੇ ਗੇੜ ਬੈਠੇਂ
ਮੌਤ ਆਇਆਂ ਸੱਪ ਬਹਿਦਾ ਏ ਰਾਹ ਉੱਤੇ
ਆਪਣੀ ਮੌਤ ਤੂੰ ਆਪੇ ਸਹੇੜ ਬੈਠੇਂ

ਅਡਵਾਨੀ ਅਡ ਹੋਣ ਦੀਆਂ ਕਰੇ ਗੱਲਾਂ
ਨਾ ਇਹ ਰਾਜ ਰਹਿਗਾ ਨਾ ਇਹ ਤਾਜ ਰਹਿਗਾ
ਹਿੰਦੂਤਵ ਦਾ ਰਾਗ ਅਲਾਪੇਂ ਜੇਹੜਾ
ਏਹਦਾ ਵਜਦਾ ਤੇਰਾ ਨਾ ਸਾਜ ਰਹਿਗਾ
ਲਗਾ ਰੋਗ ਭੈੜਾ ਤੇਰੀ ਨਬਜ ਦੱਸਦੀ
ਚਲਦਾ ਮਿੱਤਰਾ ਹੁਣ ਤੇਰਾ ਇਲਾਜ ਰਹਿਗਾ
ਤੇਰੀ ਬੋਲੀ ਦੀ ਸਾਰੀ ਏ ਸਮਝ ਸਾਨੂੰ
ਤੇਰੇ ਨਾਲ ਨਾ ਪਿਆ ਲਿਹਾਜ਼ ਰਹਿਗਾ

ਪੁੱਠੀ ਛੇੜ ਛੇੜੀ ਅਜੇ ਨਹੀਂ ਰਾਸ ਆਈ
ਖਾਣ ਲੱਗ ਪਏ ਆਪਸੀ ਖਾਰ ਆਪਣੇ
ਮਾੜਾ ਸਮਝੀਏ ਨਾ ਕਦੀ ਸ਼ਰੀਕ ਤਾਂਈ
ਨਹੀਂ ਕਦੀ ਟਲਦੇ ਕਰਨੋਂ ਵਾਰ ਆਪਣੇ
ਤੇਰੀ ਫਹਿ ਦੇ ਅੱਗੇ ਨੀ ਇਹ ਜੁਟੇ



Sri Satguru Jagjit Singh Ji Elibrary NamdhariElibrary@gmail.com

ਛੁਰਾ ਛੁਰੀ ਤ੍ਰਿਸੂਲ ਕਟਾਰ ਆਪਣੇ
ਇਕ ਮਸੀਤ ਢਾਹ ਕੇ ਅੱਗੇ ਕੀ ਖੱਟਿਆ
ਛੁਰਾ ਲਏ ਨੀ ਮੰਦਰ ਹਜ਼ਾਰ ਆਪਣੇ

ਦੂਜੀ ਛੇੜ ਤੂੰ ਛੇੜੀ ਗੁਜਰਾਤ ਅੰਦਰ
ਹਿੰਦੂ ਮੋਮਨ ਭਰਾਵਾਂ ਦਾ ਖੂਨ ਡੁੱਲ੍ਹਿਐ
ਜਿੱਥੇ ਸਦੀਆ ਤੇ ਵੇਖੀ ਏਕਤਾ ਸੀ
ਉਥੇ ਮਜ਼੍ਹਬ ਤੁਅੱਸਬ ਜਨੂੰਨ ਡੁੱਲ੍ਹਿਐ
'ਜਿਸ ਹੱਥ ਚੋਰ ਕਰ ਵੇਖੇ ਸੋਏ' ਵਾਲਾ
ਤੇਰੇ ਰਾਜ ਦਾ ਉਥੇ ਕਨੂੰਨ ਡੁੱਲ੍ਹਿਐ
ਹਿੰਦੂ ਸਿੱਖ ਈਸਾਈ ਤੇ ਮੋਮਨਾ ਦਾ
ਸਾਡਾਂ ਦਿਲਾਂ ਦਾ ਉਥੇ ਸਕੂਨ ਡੁੱਲ੍ਹਿਐ

ਹੈਂ ਨੇਤਾ ਪਰ ਤੇਰੀ ਨਹੀਂ ਨੀਤ ਚੰਗੀ
ਬੇਅਕਲੀ ਨੇ ਅੱਗੇ ਨੁਕਸਾਨ ਕੀਤਾ
ਇੱਕ ਨਵੀਂ ਛੁਆਤੀ ਤੂੰ ਹੋਰ ਲਾਈ
30 ਮਾਰਚ ਨੂੰ ਜੇਹੜਾ ਬਿਆਨ ਦਿੱਤਾ
ਹੁਣ ਜਿਹੜਾ ਤੂੰ ਹਲਫ ਬਿਆਨ ਕੀਤਾ
ਏਸ ਹਾਲ ਤੇ ਨਹੀਂ ਧਿਆਨ ਦਿੱਤਾ
ਪੂਜੇ ਅਮਰ ਸ਼ਹੀਦਾਂ ਨੂੰ ਜੱਗ ਸਾਰਾ
ਮਾਨ ਮਿਲਿਆਂ ਨੂੰ ਤੂੰ ਅਪਮਾਨ ਦਿੱਤਾ

ਗੋਰ ਗੋਰੇ ਦੇ ਨੱਕ ਵਿੱਚ ਨੱਥ ਪਾਈ
ਇਹਨਾਂ ਕੂਕਿਆਂ ਦੀਆਂ ਕੁਰਬਾਨੀਆਂ ਨੇ
ਦਾਹੜੀ ਪੁੱਟੀ ਨਾਲ ਪੁੱਟੀਆਂ ਗਈਆਂ ਜੜ੍ਹਾਂ
ਕਾਵਨ ਆਖਿਆ ਧੰਨ ਜਵਾਨੀਆਂ ਨੇ
ਤੂੰ ਚੀਜ਼ ਕੀ ਏਂ ਤੇਨੂੰ ਜਾਣੀਏ ਕੀ
ਸਦਾ ਖਾਧੀ ਏ ਹਾਰ ਗੁਮਾਨੀਆਂ ਨੇ
ਏਸ ਦਰ ਤੇ ਵਿਸ਼ਵ ਨੇ ਕੀਤਾ ਸਿਜਦਾ
ਉੱਚੀ ਪੈਣ ਕੀਤੀ ਹਿੰਦੋਸਤਾਨੀਆਂ ਨੇ .



Sri Satguru Jagjit Singh Ji Elibrary NamdhariElibrary@gmail.com

ਗੁਰੂ ਨਾਨਕ ਦਾ ਦਰ ਏ ਉੱਚਾ ਸੁੱਚਾ
ਜੰਮਿਆ ਨਹੀਂ ਕੋਈ ਏਹਨੂੰ ਮਿਟਾਣ ਵਾਲਾ
ਗੁਰੂ ਅਰਜਨ ਤੇ ਤੇਗ ਬਹਾਦਰ ਸਤਿਗੁਰ
ਏਹਨਾਂ ਕੀਤੇ ਕੰਮ ਧਰਮ ਬਚਾਣ ਵਾਲਾ
ਕਲਗੀ ਵਾਲੇ ਨੇ ਜ਼ੁਲਮ ਦੇ ਸਾਗਰ ਵਿੱਚੋਂ
ਬਣਿਆ ਮਲਾਹ ਬੇੜਾ ਬੰਨੇ ਲਾਣ ਵਾਲਾ
ਗੁਰੂ ਰਾਮ ਸਿੰਘ ਦੇ ਪ੍ਰੀਤ ਕੂਕਿਆਂ ਨੇ
ਗੀਤ ਗਾਇਆ ਸ਼ਹੀਦੀਆਂ ਪਾਣ ਵਾਲਾ



Sri Satguru Jagjit Singh Ji Elibrary NamdhariElibrary@gmail.com

# ਕਾਮਾ ਗਾਟਾ ਸ਼ਹੀਦਾਂ ਬਾਰੇ

ਅੱਖਾਂ ਆਪ ਮੁਹਾਰੇ ਹੀ ਡੁੱਲ੍ਹ ਗਈਆਂ
ਜਾਕੇ ਦਰ ਸ਼ਹੀਦਾਂ ਦਾ ਤਕਿਆ ਮੈਂ
ਦਿਲ ਨੂੰ ਛਿੜੀ ਝਰਨਾਟ ਲੂੰ ਖੜ੍ਹੇ ਹੋ ਗਏ
ਵਤਨ ਦਿਆਂ ਅਦੀਬਾਂ ਨੂੰ ਤਕਿਆਂ ਮੈਂ
ਭਿੱਜੀ ਖੂਨ ਦੇ ਨਾਲ ਉਹ ਧਰਤ ਤੱਕੀ
ਅਮਰ ਹੋਏ ਸ਼ਹੀਦਾਂ ਨੂੰ ਤੱਕਿਆ ਮੈਂ
ਚੁੱਕ ਮੱਥੇ ਤੇ ਚੁੰਮਕੇ ਲਾਈ ਮਿੱਟੀ
ਲਹੂ ਭਰੀਆਂ ਸਲੀਬਾਂ ਨੂੰ ਤੱਕਿਆ ਮੈਂ

ਕਹਿਰ ਵਰਤਿਆ ਜਾਂ ਬਜ ਬਜ ਘਾਟ ਉੱਤੇ
ਬੇੜਾ ਗਰਕਿਆ ਉਦੋਂ ਬਰਤਾਨੀਆ ਦਾ
ਕਾਮਾ ਗਾਟਾ ਮਾਰੂ ਜਿਸਦਾ ਨਾਂ ਰੱਖਿਆ
ਲੈ ਕੇ ਤੁਰੇ ਜਹਾਜ ਜਪਾਨੀਆਂ ਦਾ
ਬਾਬਾ ਸਿਘ ਗੁਰਦਿੱਤ ਸਰਿਹਾਲੀ ਵਾਲਾ
ਮੁਖੀ ਓਸ ਵੇਲੇ ਹਿੰਦੋਸਤਾਨੀਆਂ ਦਾ
ਆਕੇ ਪਹੁੰਚੇ ਕਲਕੱਤੇ ਦੇ ਘਾਟ ਉਤੇ
ਤੋਹਫਾ ਦਿੱਤਾ ਸੀ ਗੋਰੇ ਕੁਰਬਾਨੀਆਂ ਦਾ

ਅਜੇ ਤੀਕ ਪੱਤਾ ਪੱਤਾ ਬੋਲਦਾ ਏ
ਬੂਟਾ ਹੱਥੀਂ ਕੁਰਬਾਨੀ ਦਾ ਲਾ ਦਿੱਤਾ
ਦੇਸ਼ ਧਰਮੀਆਂ ਕੌਮ ਦੇ ਆਸ਼ਕਾਂ ਨੇ
ਖੂਨ ਸਿੰਜਕੇ ਜਿਗਰ ਦਾ ਪਾ ਦਿੱਤਾ
ਵਾਂਗੂੰ ਰੂੰ ਦੇ ਪਾਪੀਆਂ ਪਿੰਜਿਆ ਸੀ
ਬਜ ਬਜ ਘਾਟ ਦਾ ਰੰਗ ਵਟਾ ਦਿੱਤਾ



Sri Satguru Jagjit Singh Ji Elibrary NamdhariElibrary@gmail.com

ਕੀ ਦੱਸਾਂ ਇਸ ਕੌਮ ਦੇ ਹੀਰਿਆ ਨੂੰ
ਨਾਲ ਗੋਲੀਆਂ ਕਿਵੇਂ ਉਡਾ ਦਿੱਤਾ

ਧਰਤੀ ਲਾਲ ਸ਼ਹੀਦਾਂ ਦੇ ਖ਼ੂਨ ਰੰਗੀ
ਨਿਰਦੋਸ਼ਾਂ ਤੇ ਗੋਲੀਆਂ ਚੱਲੀਆਂ ਨੇ
ਉਥੇ ਲੋਥਾਂ ਦੇ ਢੇਰਾਂ ਦੇ ਢੇਰ ਲੱਗੇ
ਚਾਰੇ ਕੰਧਾਂ ਕਲਕੱਤੇ ਦੀਆਂ ਹੱਲੀਆਂ ਨੇ
ਸੁਣ ਕੇ ਖ਼ਬਰ ਭੈੜੀ ਗੋਰੇ ਜ਼ਾਲਮਾ ਦੀ
ਮੱਚੀਆਂ ਵਿੱਚ ਪੰਜਾਬ ਤਰਥੱਲੀਆਂ ਨੇ
ਬਿੱਲੇ ਆਖਿਆ ਮੋਰਚਾ ਮਾਰਿਆ ਮੈਂ
ਤਾਰਾਂ ਵੱਲ ਵਿਕਟੋਰੀਆ ਘੱਲੀਆਂ ਨੇ

ਉਥੇ ਹੋਏ ਜੋ ਅਮਰ ਸ਼ਹੀਦਾਂ ਦੀਆਂ
ਅਜੇ ਤੀਕ ਅਵਾਜ਼ਾਂ ਇਹ ਆਉਂਦੀਆਂ ਨੇ
ਵਾਰ ਹੋਏ ਸੀ ਜੇਹੜੇ ਨਿਹੱਥਿਆਂ ਤੇ
ਬਦਲਾ ਲੈਣ ਦੀਆਂ ਗੱਲਾਂ ਸੁਣਾਉਂਦੀਆਂ ਨੇ
ਅਸੀਂ ਜੰਮ ਕੇ ਆਵਾਂਗੇ ਫੇਰ ਏਥੇ
ਸਾਨੂੰ ਸ਼ਹੀਦੀਆਂ ਮਾਵਾਂ ਬੁਲਾਉਂਦੀਆਂ ਨੇ
ਸਾਡੀ ਕੁੱਖ ਨੂੰ ਸਫਲਾ ਕਰੋ ਛੇਤੀ
ਵਾਰ ਵਾਰ ਏਹ ਸਾਨੂੰ ਸਮਝਾਉਂਦੀਆਂ ਨੇ

ਸਾਨੂੰ ਮਰਨ ਜਿਊਣ ਦਾ ਡਰ ਕੋਈ ਨਹੀਂ
ਬਣ ਝੱਖੜ ਅਜ਼ਾਦੀ ਲਈ ਝੁੱਲੇ ਹੋਏ ਆਂ
ਸਾਨੂੰ ਅਣਖ ਤੇ ਗ਼ੈਰਤ ਦੀ ਮਿਲੀ ਗੁੜ੍ਹਤੀ
ਤੂੰ ਸਮਝਨੈਂ ਗੋਰਾ ਵੇ ਰੁਲ੍ਹੇ ਹੋਏ ਆਂ
ਸਾਨੂੰ ਬਿਲਿਆਂ ਕੌਡੀਆਂ ਨਾ ਜਾਣੀ
ਹੀਰੇ ਲਾਲਾ ਦੇ ਵਟੜੇ ਤੁਲੇ ਹੋਏ ਆਂ
ਝਖੜ ਪ੍ਰੀਤ ਜੋ ਝੁਲਿਆ ਦੇਸ਼ ਅੰਦਰ
ਬਣੇ ਓਸ ਹਵਾ ਦੇ ਬੁੱਲੇ ਹੋਏ ਆਂ।



Sri Satguru Jagjit Singh Ji Elibrary NamdhariElibrary@gmail.com

# ਗੁਰੂ ਅਰਜਨ ਦੇਵ ਦੀ ਸ਼ਹੀਦੀ

ਜ਼ੁਲਮ ਤੂਫਾਨ ਸਮੇਂ ਨੂੰ ਤੱਕ ਕੇ
ਬਣ ਕੇ ਕਹਿਰ ਗੁਰਾਂ ਤੇ ਝੁੱਲੇ
ਬੇਇਨਸਾਫ ਦੀ ਤਕੜੀ ਅੰਦਰ
ਜ਼ਬਰ ਸਬਰ ਦੋਵੇਂ ਨੇ ਤੁਲੇ
ਤੱਤੀ ਤਵੀ ਤੇ ਤੱਤੀ ਰੇਤਾ
ਤੱਤੇ ਵਗਣ ਹਵਾ ਦੇ ਬੁੱਲੇ
ਸਾਰੇ ਕੱਠੇ ਹੋ ਕੇ ਤੱਤੇ
ਸੋਹਲ ਸਰੀਰ ਪਿੰਡੇ ਤੇ ਡੁੱਲ੍ਹੇ
ਚੰਦੂ ਚੰਦਰੇ ਦੇ ਲੱਗ ਆਖੇ
ਜ਼ੁਲਮ ਦੀ ਭੱਠੀ ਤਾਈ ਤੱਕੀ
ਇੱਟ ਚੁਬਾਰੇ ਵਾਲੀ ਜੇਹੜੀ
ਵਿੱਚ ਮੋਰੀ ਦੇ ਲਾਈ ਤੱਕੀ

ਨਾਚ ਨਚਾਇਆ ਹੋਣੀ ਨੂੰ ਜਿਸ
ਰਹਿਬਰਾ ਤੇਰੀ ਜਵਾਨੀ ਤੱਕੀ
ਜਬਰ ਜ਼ੁਲਮ ਹੰਕਾਰ ਦੇ ਵਾਲੀ
ਚੰਦੂ ਦੀ ਮਨਮਾਨੀ ਤੱਕੀ
ਮਨਸੂਰਾਂ ਦੇ ਬੁੱਲ੍ਹਾਂ ਉੱਤੇ
ਤੜਫ ਰਹੀ ਹੈਰਾਨੀ ਤੱਕੀ
ਨਾ ਹੋਣੀ ਨਾ ਅੱਗੇ ਹੋਣੀ
ਤੇਰੀ ਉਹ ਕੁਰਬਾਨੀ ਤੱਕੀ
ਅਣਖ ਤੇ ਗੈਰਤ ਟੁੰਬਣ ਵਾਲਾ
ਤੇਰੇ ਜਿਹਾ ਨਹੀਂ ਸਾਨੀ ਹੋਣਾ



Sri Satguru Jagjit Singh Ji Elibrary NamdhariElibrary@gmail.com

ਤੇਰੇ ਵਾਂਗੂੰ ਨਹੀਂ ਦੁਨੀਆਂ ਤੇ
ਬਲੀਦਾਨ ਦਾ ਦਾਨੀ ਹੋਣਾ

ਕੁਰਬਾਨੀ ਦੇ ਰਾਹੇ ਤੁਰਿਉਂ
ਛੱਡ ਨਾ ਫੁੱਲਾਂ ਨੂੰ ਖਾਰਾਂ ਉੱਤੇ .
ਕੁਰਬਾਨੀ ਲਈ ਪੈਰ ਧਰੇ ਨੇ
ਮਘਦੇ ਹੋਏ ਅੰਗਿਆਰਾਂ ਉੱਤੇ
ਤੇਰੀ ਸੋਹਲ ਜਵਾਨੀ ਨੱਚੀ
ਤਲਵਾਰਾਂ ਦੀਆਂ ਧਾਰਾਂ ਉੱਤੇ
ਤੇਰਾ ਮੁੱਖੜਾ ਖਿੜਿਆ ਦਿਸਿਆ
ਜ਼ੁਲਮ ਦੇ ਕਹਿਰੀ ਵਾਰਾਂ ਉੱਤੇ
ਤੇਰੇ ਮੂੰਹ 'ਤੇ ਸੁਰਖੀਆਂ ਵਾਲੀ
ਇਨਸਾਨਾਂ ਇਨਸਾਨੀ ਤੱਕੀ
ਮੁੱਢ ਸ਼ਹੀਦੀ ਦਾ ਜਿਸ ਬੰਨ੍ਹਿਆਂ
ਤੇਰੀ ਉਹ ਕੁਰਬਾਨੀ ਤੱਕੀ

ਤੇਰੇ ਜਾਮ ਬਹਾਦਰ ਵਿੱਚੋਂ
ਮਸਤੀ ਭਰੇ ਹੁਲਾਰੇ ਤੱਕੇ
ਧਰਮ ਲਈ ਕੁਰਬਾਨ ਹੋਣ ਲਈ
ਸ਼ਹਾਦਤ ਭਰੇ ਹੁੰਗਾਰੇ ਤੱਕੇ
ਦੇਸ ਕੌਮ ਤੇ ਧਰਮ ਦੀ ਖਾਤਰ
ਡਰੇ ਨਾ ਜੋਸ਼ ਅੰਗਿਆਰੇ ਤੱਕੇ
ਮਰ ਮਿਟਣ ਲਈ ਅਣਖੀ ਸੂਰੇ
ਤੇਰੇ ਏਸ ਦੀਦਾਰੇ ਤੱਕੇ
ਤੇਰੀ ਸ਼ਾਂਤ ਸ਼ਹਾਦਤ ਵਰਗਾ
ਉਠਿਆ ਕੋਈ ਤੂਫਾਨ ਨਾ ਅੱਗੇ
ਤੇਰੇ ਵਾਂਗੂੰ ਇਸ ਦੁਨੀਆਂ ਵਿੱਚ
ਹੋਇਆ ਕੋਈ ਕੁਰਬਾਨ ਨਾ ਅੱਗੇ

ਕੁਰਬਾਨੀ ਦਾ ਸਬਕ ਪੜ੍ਹਾਇਆ
ਨਵੇਂ ਸਿਰੇ ਤਲਵਾਰਾਂ ਕੋਲੋਂ



Sri Satguru Jagjit Singh Ji Elibrary NamdhariElibrary@gmail.com

ਖੇਡ ਗਏ ਉਹ ਜਾਨਾਂ ਉਤੇ
ਲੰਘੇ ਜੇਹੜੇ ਖਾਰਾਂ ਕੋਲੋਂ
ਪਿਛਲੇ ਇਤਿਹਾਸ ਦਾ ਵਰਕਾ
ਏਨਾ ਲਹੂ ਲੁਹਾਨ ਨਹੀਂ ਹੋਇਆ
ਤੇਰੇ ਵਾਂਗੂੰ ਪ੍ਰੀਤ ਆਖਦਾ
ਹੋਰ ਕੋਈ ਕੁਰਬਾਨ ਨਹੀਂ ਹੋਇਆ



Sri Satguru Jagjit Singh Ji Elibrary NamdhariElibrary@gmail.com

# ਜੰਗ

ਅਮਰੀਕਾ ਭੱਠਾ ਚੜ੍ਹਿਆ
ਅੱਗ ਬਾਲ੍ਹੀ ਪਾਕਿਸਤਾਨ
ਲੰਡਨੋਂ ਫੂਕਾਂ ਵੱਜੀਆਂ
ਸਾੜ ਦਿੱਤਾ ਅਫਗਾਨ
ਨਾਲ ਨਸ਼ਤਰਾਂ ਪੱਛਿਆ
ਪਿੰਡਾ ਹਿੰਦੁਸਤਾਨ
ਕਰ ਦਿੱਤਾ ਈਰਾਕ ਦਾ
ਜਿਸਮ ਏ ਲਹੂ ਲੁਹਾਨ
ਅਮਰੀਕਾ ਨੂੰ ਹੋ ਗਿਆ
ਹਥਿਆਰਾਂ ਦਾ ਮਾਨ
ਰੂਸੀਆਂ ਵੀ ਦੜ ਵਟ ਲਈ
ਨਾ ਮੂੰਹ ਵਿੱਚ ਰਹੀ ਜ਼ੁਬਾਨ
ਪਾ ਵੀਅਤਨਾਮ ਨੂੰ ਛਾਨਣੀ
ਦਿੱਤਾ ਏਹਨੇ ਛਾਣ
ਛੇੜੇ ਗਾ ਜੰਗ ਵਿਸ਼ਵ ਦੀ
ਬੁਸ਼ ਸਿਆਸਤਦਾਨ
ਹਾਲ ਜੰਗ ਦਾ ਦਸਦਾ
ਜਰਮਨ ਅਤੇ ਜਪਾਨ
ਹੋਰ ਜੰਗ ਇਸ ਛੇੜਕੇ
ਭੁੰਨ ਦਿੱਤਾ ਈਰਾਨ
ਚਾੜ ਦਿੱਤਾ ਬਾਰੂਦ ਦਾ
ਧੂਆਂ ਵਿੱਚ ਅਸਮਾਨ
ਜੇ ਜੰਗ ਛਿੜਿਆ ਵਿਸ਼ਵ ਦਾ



Sri Satguru Jagjit Singh Ji Elibrary NamdhariElibrary@gmail.com

ਤੇ ਹੋਏਗਾ ਘਮਸਾਨ
ਯਾਰ ਫੇਰ ਉਠ ਬੈਣਗੇ
ਸਾਦਾਮ ਅਤੇ ਲਾਦਾਨ
ਡਰ ਪ੍ਰੀਤ ਇਸ ਗੱਲ ਦਾ
ਨਾ ਬਣੇ ਪੰਜਾਬ ਮੈਦਾਨ



Sri Satguru Jagjit Singh Ji Elibrary NamdhariElibrary@gmail.com

# ਪੰਜਾਬੀਆਂ ਨੇ

ਦੇਸ਼ ਕੌਮ ਤੇ ਜਦ ਵੀ ਭੀੜ ਪੈ ਗਈ
ਪੜ੍ਹੀ ਮੌਤ ਦੀ ਪੱਟੀ ਪੰਜਾਬੀਆਂ ਨੇ
ਜੋ ਕੁਝ ਕਿਹਾ ਸੋ ਕਰ ਵਿਖਾਲ ਦਿੱਤਾ
ਥੁੱਕੀ ਥੁੱਕ ਨਹੀਂ ਚੱਟੀ ਪੰਜਾਬੀਆਂ ਨੇ
ਪਤਾ ਲਗਦਾ ਏ ਤਵਾਰੀਖ ਪੜ੍ਹਿਆਂ
ਖੱਟੀ ਏਸ ਚੋਂ ਖੱਟੀ ਪੰਜਾਬੀਆਂ ਨੇ
ਸਿਰ 'ਤੇ ਵੈਰੀ ਦਾ ਨਹੀਂ ਹੁਧਾਰ ਰੱਖਿਆ
ਫੱਟੀ ਪੋਚੀ ਏ ਫੱਟੀ ਪੰਜਾਬੀਆਂ ਨੇ

ਜਦ ਵੀ ਮੰਗਿਆ ਏਹਨਾਂ ਨੇ ਆਣ ਮੰਗਿਆ
ਕੋਲੋਂ ਗੈਰਾਂ ਦੇ ਹੱਕ ਪੰਜਾਬੀਆਂ ਨੇ
ਰਹੇ ਗਰਜ਼ਦੇ ਸਦਾ ਮੈਦਾਨ ਅੰਦਰ
ਨਹੀਂ ਰੱਖਿਆ ਸ਼ੱਕ ਪੰਜਾਬੀਆਂ ਨੇ
ਵੈਰੀ ਨਹੀਂ ਲਲਕਾਰ ਕੇ ਜਾਣ ਦਿੱਤਾ
ਲੱਕੋਂ ਤੋੜਿਆ ਲੱਕ ਪੰਜਾਬੀਆਂ ਨੇ
ਚਿੱਟੇ ਚੌਲ ਕੀਤੇ ਕੀਤੇ ਦੁਸ਼ਮਣਾਂ ਦੇ
ਰਹਿਣ ਦਿੱਤੀ ਨਹੀਂ ਸ਼ਕ ਪੰਜਾਬੀਆਂ ਨੇ

ਹੋਰ ਕੌਮਾਂ ਨਾਲੋਂ ਬੇਸ਼ੱਕ ਘੱਟ ਗਿਣਤੀ
ਵੱਧ ਦਿੱਤੀ ਕੁਰਬਾਨੀ ਪੰਜਾਬੀਆਂ ਨੇ
ਸਦਾ ਦੁਸ਼ਮਣਾਂ ਦੇ ਏਹਨਾਂ ਮੂੰਹ ਮੋੜੇ
ਹੋਣ ਦਿੱਤੀ ਨਹੀਂ ਹਾਨੀ ਪੰਜਾਬੀਆਂ ਨੇ
ਘਰੋਂ ਸਿਰ ਉੱਤੇ ਕਫ਼ਨ ਬੰਨ੍ਹ ਤੁਰਦੇ



Sri Satguru Jagjit Singh Ji Elibrary NamdhariElibrary@gmail.com

ਪਾਈ ਟਿਭ ਨਹੀਂ ਕਾਨੀ ਪੰਜਾਬੀਆਂ ਨੇ
ਵੈਰੀ ਨਹੀਂ ਵੰਗਾਰ ਕੇ ਜਾਣ ਦਿੱਤਾ
ਏਹਨਾਂ ਜੋਧਿਆਂ ਬਾਨੀ ਪੰਜਾਬੀਆਂ ਨੇ.

ਦੇਸ਼ ਕੌਮ ਖਾਤਰ ਜ਼ਬਰ ਜ਼ੁਲਮ ਸਾਹਵੇਂ
ਸਦਾ ਚੁੱਕੀ ਤਲਵਾਰ ਪੰਜਾਬੀਆਂ ਨੇ
ਇਹਨਾਂ ਨਾਲ ਕੀਤਾ ਧੋਖਾ ਸਦਾ ਉਹਨਾਂ
ਆਪਣੀ ਜਾਣੀ ਸਰਕਾਰ ਪੰਜਾਬੀਆਂ ਨੇ
ਉਹ ਡੋਬਦੇ ਰਹੇ ਮੰਝਧਾਰ ਅੰਦਰ
ਲਾਇਆ ਜਿੰਨ੍ਹਾਂ ਨੂੰ ਪਾਰ ਪੰਜਾਬੀਆਂ ਨੇ
ਦਿੱਤੀਆਂ ਜਿੰਨ੍ਹਾਂ ਲਈ ਸਦਾ ਕੁਰਬਾਨੀਆਂ ਨੇ
ਖਾਧੀ ਉਹਨਾਂ ਤੋਂ ਮਾਰ ਪੰਜਾਬੀਆਂ ਨੇ

ਕਿਸੇ ਹਾਕਮ ਵਜ਼ੀਰ ਨੇ ਪੁੱਛਿਆ ਨਹੀਂ
ਦੁੱਖ ਕਿੰਨੇ ਕੁ ਜਰੇ ਪੰਜਾਬੀਆਂ ਨੇ
ਕਾਲੇ ਪਾਣੀਆਂ ਦੀ ਏਹਨਾਂ ਜੇਲ੍ਹ ਕੱਟੀ
ਭਰੇ ਸਦਾ ਹੀ ਜ਼ੇਲ੍ਹ ਪੰਜਾਬੀਆਂ ਨੇ
ਕਿੰਨੇ ਸੂਰਿਆਂ ਫਾਂਸੀਆਂ ਗਲ੍ਹ ਪਾਈਆਂ
ਲੇਖੇ ਜੋਖੇ ਨਹੀਂ ਕਰੇ ਪੰਜਾਬੀਆਂ ਨੇ
ਵਾਰ ਵਾਰ ਸ਼ਹੀਦੀਆਂ ਪਾਣ ਦੇ ਲਈ
ਪੈਰ ਮਕਤਲੀਂ ਧਰੇ ਪੰਜਾਬੀਆਂ ਨੇ

ਜਦੋਂ ਜਦੋਂ ਹਮਲਾਵਰਾਂ ਲੁੱਟਿਆ ਏ
ਸਦਾ ਰੱਖੀ ਏ ਪੱਤ ਪੰਜਾਬੀਆਂ ਨੇ
ਚੜ੍ਹਿਆ ਜਦੋਂ ਵੀ ਜ਼ੋਰ ਜ਼ਰਵਾਣਿਆ ਦਾ
ਢੁੱਕਣ ਦਿੱਤੀ ਨਹੀਂ ਅੱਤ ਪੰਜਾਬੀਆਂ ਨੇ
ਧਰੀ ਚੁੱਕੀ ਨਹੀਂ ਗਈ ਉਹ ਕਿਸੇ ਕੋਲੋਂ
ਜਿੱਥੋ ਧਰੀਏ ਲੱਤ ਪੰਜਾਬੀਆਂ ਨੇ
ਹਰ ਵਾਰ ਇਤਿਹਾਸ ਨੇ ਦਸਿਆ ਏ
ਧਰਤੀ ਰੰਗੀ ਸੰਗ ਰੱਤ ਪੰਜਾਬੀਆਂ ਨੇ



Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਉਸ ਸ਼ੇਰੇ ਪੰਜਾਬ ਪਿੱਛੋਂ
ਰਾਜ ਖੁਹਾਇਆ ਗ਼ਦਾਰ ਪੰਜਾਬੀਆਂ ਨੇ
ਗ਼ੈਰ ਗੋਰਿਆਂ ਦਾ ਆਕੇ ਰਾਜ ਹੋਇਆ
ਕੀਤੀ ਸੋਚ ਵੀਚਾਰ ਪੰਜਾਬੀਆਂ ਨੇ
ਸਤਿਗੁਰੂ ਰਾਮ ਸਿੰਘ ਦੀ ਅਗਵਾਈ ਥੱਲੇ
ਖਾਧੀ ਜੋਸ਼ 'ਚ ਖਾਰ ਪੰਜਾਬੀਆਂ ਨੇ
ਸਿਰ ਦੇ ਕੇ ਲਈਆਂ ਸਰਦਾਰੀਆਂ ਨੇ
ਕੱਢੇ ਗੋਰੇ, ਸਰਦਾਰ ਪੰਜਾਬੀਆਂ ਨੇ

ਕੁਰਬਾਨੀ ਦਾ ਕਿਸੇ ਨਾ ਮੁੱਲ ਪਾਇਆ
ਜੋ ਵੀ ਚੁਣੀ ਸਰਕਾਰ ਪੰਜਾਬੀਆਂ ਨੇ
ਨਹੀਂ ਸ਼ਹੀਦਾਂ ਦਾ ਕਿਸੇ ਸਤਕਾਰ ਕੀਤਾ
ਫਾਂਸੀ ਚੁੰਮੀ ਵਾਰ ਵਾਰ ਪੰਜਾਬੀਆਂ ਨੇ
ਨਾ ਕੀਤੇ ਨਾ ਕਿਸੇ ਨੇ ਫੇਰ ਕਰਨੇ
ਜੇਹੜੇ ਕੀਤੇ ਉਪਕਾਰ ਪੰਜਾਬੀਆਂ ਨੇ
ਦੇਸ਼ ਕੌਮ ਤੇ ਧਰਮ ਲਈ ਤਲੀ ਉੱਤੇ
ਪ੍ਰੀਤ ਧਰੇ ਐਗਿਆਰ ਪੰਜਾਬੀਆਂ ਨੇ



Sri Satguru Jagjit Singh Ji Elibrary NamdhariElibrary@gmail.com

# ਮਲੇਰਕੋਟਲੇ ਦੇ ਸ਼ਹੀਦ

ਡਿੱਠਾ ਜਾ ਕੇ ਕੱਲਰ ਮੈਂ ਕੋਟਲੇ ਦਾ
ਲਿਖਿਆ ਵਤਨੀਂ ਸ਼ਹੀਦਾਂ ਦਾ ਨਾਮ ਤੱਕਿਆ
ਕੀਤਾ ਉਸ ਥਾਂ ਮੈਂ ਵੀ ਜਾ ਸਿਜਦਾ
ਜੱਗ ਕਰਦਾ ਜਿੱਥੇ ਪ੍ਰਣਾਮ ਤਕਿਆ
ਲਹੂ ਰੰਗਲੀ ਧਰਤੀ ਦੀ ਗੋਦ ਅੰਦਰ
ਇੱਟਾਂ ਜੋੜਦਾ ਨਜ਼ਰ ਵਰਿਆਮ ਤੱਕਿਆ
ਹਾਣੀ ਹੋਣੀ ਦੇ ਹਾਣ ਦਾ ਹੋਣ ਦੇ ਲਈ
ਪੀਤਾ ਜਿੱਥੇ ਸ਼ਹੀਦੀ ਦਾ ਜਾਮ ਤੱਕਿਆ

ਫਾਇਰ ਕੱਢੇ ਫਰੰਗੀ ਨੇ ਭਾਹ ਤੋਪਾਂ
ਤੋਪਾਂ ਚੱਲੀਆਂ ਜਿੱਥੇ ਉਹ ਰੜੀ ਵੇਖੀ
ਹੱਸ ਹੱਸ ਕੇ ਹੋਏ ਸ਼ਹੀਦ ਜਿੱਥੇ
ਪਾਈ ਜਿੱਥੇ ਸ਼ਹੀਦੀ ਉਹ ਥੜੀ ਵੇਖੀ
ਬਿੱਲੇ ਕਾਵਨ ਨੂੰ ਸਬਕ ਸਿਖਾਣ ਦੇ ਲਈ
ਬਿਸ਼ਨ ਸਿਘ ਹੱਥ ਦਾਹੜੀ ਮੈਂ ਫੜੀ ਵੇਖੀ
ਲਾੜੀ ਮੌਤ ਨੂੰ ਹੱਸ ਪ੍ਰਨਾਣ ਬਦਲੇ
ਜੰਝ ਸੂਰਮਿਆਂ ਦੀ ਘੋੜੀ ਚੜ੍ਹੀ ਵੇਖੀ

ਦੇਸ਼ ਕੌਮ ਦਾ ਉਹਨਾਂ ਦੇ ਸਿਰ ਸੇਹਰਾ
ਸਿਹਰੇ ਬੰਨ੍ਹਕੇ ਲੜੇ ਜੋ ਆਣ ਦੇ ਲਈ
ਹੁੰਦਾ ਵੇਖਕੇ ਜ਼ੁਲਮ ਨਾ ਸਹਿ ਸਕੇ
ਤੇਗ ਫੜੀ ਸੀ ਜ਼ੁਲਮ ਮਿਟਾਣ ਦੇ ਲਈ
ਸਿਰ ਨਾਲ ਹੁੰਦੀ ਗੱਲ ਸੂਰਮੇ ਦੀ.



Sri Satguru Jagjit Singh Ji Elibrary NamdhariElibrary@gmail.com

ਜਾਂ ਅਬਲਾ ਦੀ ਪੱਤ ਬਚਾਣ ਦੇ ਲਈ
ਨਾਮ ਉਹਨਾਂ ਦੇ ਜੱਗ ਵਿੱਚ ਰਹਿਣ ਰੌਸ਼ਨ
ਜੋ ਲੜੇ ਨੇ ਦੀਨ ਇਮਾਨ ਦੇ ਲਈ

ਸਦਾ ਏਸ ਲਈ ਉਹਨਾਂ ਨੂੰ ਲੋਕ ਪੂਜਣ
ਪੂੰਝੇ ਅਥਰੂ ਜਿਨ੍ਹਾਂ ਬੇਸਹਾਰਿਆ ਦੇ
ਬੇਅਦਲੀ ਦੇ ਡੂੰਘੜੇ ਸਹੁ ਵਿੱਚੋਂ
ਬੇੜੀ ਲਾਉਣਗੇ ਆਣ ਕਿਨਾਰਿਆ ਤੇ
ਲਾੜੀ ਮੌਤ ਨੂੰ ਪਾਉਣ ਗਲਵੱਕੜੀ ਉਹ
ਉੱਤੇ ਚਰਖੀਆਂ ਦੇ ਚੜ੍ਹੇ ਆਰਿਆ ਤੇ
ਉਹਨਾਂ ਹੀਰ ਅਜ਼ਾਦੀ ਦੀ ਪਾ ਲਈਏ
ਜਿਨ੍ਹਾਂ ਅਲਖ ਜਗਾਈ ਦਵਾਰਿਆਂ ਤੇ

ਅੱਜ ਉਹਨਾਂ ਸਰਮਦਾਂ ਨੂੰ ਯਾਦ ਕਰ ਕੇ
ਪੰਨੇ ਪੰਨੇ ਚੋਂ ਪਿਆ ਇਤਿਹਾਸ ਬੋਲੇ
ਲਹੂ ਮਾਂ ਦੀ ਮਾਂਗ ਸੰਧੂਰ ਪਾਇਆ
ਪਈ ਧਰਤ ਤੇ ਨਾਲ ਅਕਾਸ਼ ਬੋਲੇ
ਭਗਤ ਸਿੰਘ ਸਰਾਭਾ ਸੁਖਦੇਵ ਊਧਮ
ਦੱਤ ਬੀ. ਕੇ. ਅਤੇ ਸੁਭਾਸ਼ ਬੋਲੇ
ਗਏ ਅਣਖ ਜੋ ਘੋਲ ਹਵਾ ਅੰਦਰ
ਪਈ ਮੜ੍ਹੀ ਚੋਂ ਸ਼ੇਰਾਂ ਦੀ ਲਾਸ਼ ਬੋਲੇ

ਗੈਰਤ ਗਹਿਣੇ ਨਾ ਪਾਇਓ ਵਿਰ ਗੈਰ ਅੱਗੇ
ਸੁਰਗਾਂ ਵਿੱਚੋਂ ਸ਼ਹੀਦਾਂ ਦੀ ਰੂਹ ਬੋਲੇ
ਲਾਜ ਮਾਂ ਦੇ ਦੁੱਧ ਨੂੰ ਨਾ ਲਾਇਆ
ਕਰ ਗੀਦੀਆਂ ਦੇ ਮੂੰਹ ਤੇ ਥੂਹ ਬੋਲੇ
ਖੂੰਨ ਡੋਹਲੋਣਾ ਫੇਰ ਬੇਦੋਸ਼ਿਆਂ ਦਾ
ਬਾਗ ਜੱਲ੍ਹਿਆਂ ਵਾਲੇ ਦਾ ਖੂਹ ਬੋਲੇ
ਕਲਰ ਕੋਟਲੇ ਦਾ ਪ੍ਰੀਤ ਦਸਦਾ ਏ
ਪਈ ਭੈਣੀ ਦੀ ਫੇਰ ਅੱਜ ਜੂਹ ਬੋਲੇ



Sri Satguru Jagjit Singh Ji Elibrary NamdhariElibrary@gmail.com

# ਪੰਜਾਬ

ਕਾਹਦੀ ਇਹ ਸਾਡੀ ਭਰਾਵਾਂ ਦੀ ਗੱਲ ਏ
ਚਲਦੀ ਸਿਆਸੀ ਹਵਾਵਾਂ ਦੀ ਗੱਲ ਏ
ਮੰਦਰ ਗੁਰਦਵਾਰੇ ਨਾ ਮਸੀਤਾਂ ਦਾ ਝਗੜਾ
ਨਾ ਮਜ਼ਬਾਂ 'ਚ ਧਰਮ ਦੀ ਵੰਡ ਦਾ ਰੌਲਾ
ਏ ਵੰਡ ਵਿਤਕਰਾ ਜਨਤਾ ਨਹੀਂ ਕਰਦੀ
ਕੁਰਸੀ ਤੇ ਬੈਠੇ ਨੇਤਾਵਾਂ ਦੀ ਗੱਲ ਏ
ਨਿੱਤ ਕਤਲੇਆਮ ਸ਼ਰੇਆਮ ਹੁੰਦੀ
ਜਿੱਥੇ ਖੂਨ ਡੁਲ੍ਹਦਾ ਬੇਦੋਸ਼ਾਂ ਦਾ ਡੁਲ੍ਹਦਾ
ਜਿਨਾ ਕੱਲ੍ਹ ਨੂੰ ਆਪਣੇ ਹੀ ਗਲ ਆਉਣਾ
ਓਹ ਡੌਲਿਉਂ ਭੱਜੀਆਂ ਬਾਹਵਾਂ ਦੀ ਗੱਲ ਏ
ਹੱਥਾਂ ਨਾਲ ਮਿਣਿਆ ਗਿੱਠਾਂ ਨਾਲ ਵੰਡਿਆ
ਵੱਢਿਆ ਤੇ ਤੁਹਾਨੂੰ ਸਬਰ ਨਾ ਆਇਆ
ਉਂਗਲਾਂ ਤੇ ਪੋਟਿਆਂ ਨਾਲ ਕੀ ਬਣੇਗਾ
ਵੰਡੇ ਹੋਏ ਪੰਜਾਂ ਦਰਿਆਵਾਂ ਦੀ ਗੱਲ ਏ
ਸਜ ਵਿਆਹੀਆਂ ਏਹ ਧੀਆਂ ਤੇ ਭੈਣਾਂ
ਰੰਡੀਆਂ ਕਰ ਕਰਕੇ ਕੀ ਖਟੋਗੇ
ਵਿੱਕੀ ਨਾ ਹੋਈ ਇਹ ਹੱਥਾਂ ਦੀ ਮਹਿੰਦੀ
ਇਹ ਸਜ ਵਿਆਹੀਆਂ ਵਿਧਵਾਵਾਂ ਦੀ ਗੱਲ ਏ
ਸੌਣ ਦੀਆਂ ਪੀਂਘਾਂ ਤ੍ਰਿੰਜਣਾ ਦੇ ਚਰਖੇ
ਹੁਸੀਨਾ ਦੀਆਂ ਹੇਕਾਂ ਜਵਾਨੀ ਦੇ ਗਿਧੇ
ਬੋਲਣ ਅਜ ਉਥੇ ਉਲੂ ਤੇ ਕੁੱਤੇ
ਪਿਪਲਾਂ ਦੀਆਂ ਉਜੜੀਆਂ ਛਾਵਾਂ ਦੀ ਗੱਲ ਏ
ਕਿੱਥੇ ਦੋ ਪਲ ਹੱਸੀਏ ਤੇ ਖੇਡੀਏ
ਸੱਜਣਾ ਦੀ ਮਹਿਫਲ ਸੋਗ 'ਚ ਡੁੱਬੀ
ਸੁਣਦਾ ਨਾ ਕੋਈ ਏਹ ਪ੍ਰੀਤ ਕਹਾਣੀ
ਹੰਝੂਆਂ 'ਚ ਡੁਬੀਆਂ ਨਿਗ੍ਹਾਵਾਂ ਦੀ ਗੱਲ ਏ



Sri Satguru Jagjit Singh Ji Elibrary NamdhariElibrary@gmail.com

# ਵੈਸਾਖੀ

ਜੰਮ ਜੰਮ ਆ ਵੈਸਾਖੀਏ ਜੀ ਆਇਆਂ
ਤੈਨੂੰ ਸੀਸ ਨਿਵਾਣ ਨੂੰ ਜੀ ਕਰਦੈ
ਗੋਬਿੰਦ ਫੜਕੇ ਹੱਥ ਤਲਵਾਰ ਆ ਜਾਏ
ਤਨ ਮਨ ਭੇਂਟ ਚੜਾਣ ਨੂੰ ਜੀ ਕਰਦੈ
ਕਰਨ ਲਈ ਏਹ ਜ਼ੁਲਮ ਦਾ ਜ਼ੋਰ ਠੰਢਾ
ਆਪਾ ਆਪ ਮਿਟਾਣ ਨੂੰ ਜੀ ਕਰਦੈ
ਰੁਤਬਾ ਪੌਣ ਲਈ ਤੇਰੇ ਦਰਬਾਰ ਅੰਦਰ
ਹੋਣ ਲਈ ਕੁਰਬਾਨ ਨੂੰ ਜੀ ਕਰਦੈ
ਦਰ ਆਏ ਜਾਂ ਕੋਈ ਫਰਿਆਦ ਲੈ ਕੇ
ਨੀਰ ਪੂੰਝਿਆ ਅੱਖੀਓਂ ਭੁੱਲਣਾ ਨਹੀਂ
ਲਿਖੀ ਗਈ ਤਾਰੀਖ ਇਤਿਹਾਸ ਅੰਦਰ
ਜੁਗਾਂ ਤੀਕ ਵੈਸਾਖੀਏ ਭੁੱਲਣਾ ਨਹੀਂ

ਰਹਿਣਾ ਸਦੀਆਂ ਤੀਕ ਗਵਾਹ ਗੋਬਿੰਦ
ਕੇਸਗੜ੍ਹ ਵਿੱਚ ਲਾਇਆ ਦਰਬਾਰ ਤੇਰਾ
ਸਿੱਖ ਕੌਮ ਨੂੰ ਦਿੱਤੀ ਜੋ ਦੇਣ ਤੇਰੀ
ਹੁੰਦਾ ਰਹੇਗਾ ਸਦਾ ਸਤਿਕਾਰ ਤੇਰਾ
ਬੁਜ਼ਦਿਲ ਕਾਇਰਾਂ ਚੋਂ ਕਰਕੇ ਬੀਰ ਪੈਦਾ
ਕਾਰਨਾਮਾ ਜੋ ਕੀਤਾ ਤਲਵਾਰ ਤੇਰਾ
ਰਹੂ ਪੂਜਦੀ ਜੁਗਾ ਤੱਕ ਇਹ ਦੁਨੀਆਂ
ਦਿੱਤਾ ਅਮ੍ਰਿਤ ਦਾ ਦਾਨ ਦਾਤਾਰ ਤੇਰਾ
ਕੀਤੀ ਇੱਕ ਆਨੋਖੀ ਮਿਸਾਲ ਪੈਦਾ
ਸਾਹਵੇ ਏਸਦੇ ਹੋਰ ਕੋਈ ਭੁੱਲਣਾ ਨਹੀਂ
ਜਨਮ ਖਾਲਸੇ ਦਾ ਹੋਇਆ ਦਿਨ ਅੱਜ ਦੇ
ਜੁਗਾਂ ਤੀਕ ਵੈਸਾਖੀਏ ਭੁੱਲਣਾ ਨਹੀਂ



Sri Satguru Jagjit Singh Ji Elibrary NamdhariElibrary@gmail.com

ਸਾਡੀ ਹਿੱਕ ਤੇ ਅਜੇ ਨਿਸ਼ਾਨ ਉਕਰੇ
ਸਾਨੂੰ ਦਸਦਾ ਬਾਗ ਏ ਜੱਲ੍ਹਿਆਂ ਦਾ
ਖੂਨੀ ਕਾਂਡ ਜੋ ਹੋਇਆ ਨਿਹੱਥਿਆਂ ਤੇ
ਯਾਦ ਦਸਦੀ ਵਹਿਣਾਂ ਦੇ ਚੱਲਿਆਂ ਦਾ
ਖੇਡੀ ਗਈ ਹੋਲੀ ਸਾਡੇ ਖੂੰਨ ਅੰਦਰ
ਦਾਅ ਚਲਿਆ ਘਿਲਿਆਂ ਬਲਿਆਂ ਦਾ
ਊਧਮ ਸਿੰਘ ਸਰਦਾਰ ਨੇ ਸਹੁੰ ਖਾਧੀ
ਬਦਲਾ ਲੈਣਾ ਮੈਂ ਕੱਲਿਆਂ ਕੱਲਿਆਂ ਦਾ
ਕਿਹਾ ਲੰਡਨ ਦੇ ਖੜ੍ਹੋ ਸਟੇਜ ਉਤੇ
ਭੇਤ ਖੋਹਲਿਆ ਬਿਨਾਂ ਏਹ ਖੁਲ੍ਹਣਾ ਨਹੀਂ
ਮਾਰ ਗੋਲੀਆਂ ਸ਼ੇਰ ਜਵਾਬ ਦਿੱਤਾ
ਸਦੀਆਂ ਤੀਕ ਵੈਸਾਖੀਏ! ਭੁੱਲਣਾ ਨਹੀਂ

ਦਿੱਤੀ ਸਿੱਖੀ ਦੀ ਦੇਣ ਦਸਮੇਸ਼ ਗੁਰ ਨੇ
ਨਵਾਂ ਖਾਲਸਾ ਰੂਪ ਬੁਲੰਦ ਕੀਤਾ
ਦੇ ਕੇ ਪੰਜ ਕਕਾਰ ਦੀ ਰਹਿਤ ਪੂਰੀ
ਅਨੰਦ ਪੁਰ ਦੇ ਵਿੱਚ ਅਨੰਦ ਕੀਤਾ
ਪਹੁਲ ਪੀ ਕੇ ਬਾਟੇ ਚੋਂ ਮਲੂਕ ਚਿੜੀਆਂ
ਲੜਣਾ ਬਾਜਾਂ ਦੇ ਨਾਲ ਪਸੰਦ ਕੀਤਾ
ਸੀਸ ਕਲਮ ਕਰਵਾਏ, ਨਹੀਂ ਦੀਨ ਮੰਨੀ
ਵਿੱਚ ਕੰਧ ਦੇ ਲਾਲਾਂ ਸਰਹੰਦ ਕੀਤਾ
ਏਸੇ ਦਿਨ ਸਾਜੀ ਸਿੱਖੀ ਬਾਰਵੇਂ ਨੇ
ਹੋਰ ਏਸ ਤੋਂ ਵਧ ਵਡਮੁੱਲਣਾ ਨਹੀਂ
ਸਿੱਖੀ ਸਾਜਕੇ ਆਪ ਪ੍ਰਦੇਸ਼ ਤੁਰਿਆ
ਜੁਗਾਂ ਤੀਕ ਵੈਸਾਖੀਏ ਭੁੱਲਣਾ ਨਹੀਂ

ਆਜਾ ਹੁਣ ਪ੍ਰਦੇਸੋਂ ਪ੍ਰਦੇਸੀਆਂ ਵੇ
ਲੰਘ ਗਈਆਂ ਅਨੇਕ ਵੈਸਾਖੀਆਂ ਨੇ
ਲਾਇਆ ਹੱਥੀਂ ਤੂੰ ਸਿੱਖੀ ਦਾ ਬਾਗ ਜੇਹੜਾ
ਕਰ ਗਏ ਹਰੀ ਪ੍ਰਤਾਪ ਵੀ ਰਾਖੀਆਂ ਨੇ



Sri Satguru Jagjit Singh Ji Elibrary NamdhariElibrary@gmail.com

ਸਿੱਕਾਂ ਸਿਕਦਿਆਂ ਨੂੰ ਕਈ ਸਾਲ ਗੁਜ਼ਰੇ
ਬੀਤ ਗਈਆਂ ਚਰੋਕੀਆ ਆਖੀਆਂ ਨੇ
ਤੇਰਾ ਦੇਸ਼ ਚਰੋਕਾ ਅਜ਼ਾਦ ਹੋਇਆ
ਆਸਾਂ ਸਾਡੀਆਂ ਰਹੀਆਂ ਅਭਲਾਖੀਆਂ ਨੇ
ਜੇਕਰ ਅੱਖ ਗਵਾਂਢੀ ਦੀ ਹੋਈ ਮੈਲੀ
ਫੇਰ ਏਸ ਨੇ ਵਧਣਾ ਫੁੱਲਣਾ ਨਹੀਂ
ਅੱਗ ਫੇਰ ਦੁਬਾਰਾ ਨਾ ਭੜਕ ਜਾਏ
ਜੁਗਾਂ ਤੀਕ ਵੈਸਾਖੀਏ ਭੁੱਲਣਾ ਨਹੀਂ

ਸਮਾਂ ਅੱਜ ਦਾ ਰਿਹਾ ਵੰਗਾਰ ਬੀਬਾ
ਨਾਲ ਹੱਥਾਂ ਦੇ ਗੰਢਾਂ ਨੇ ਖੁੱਲ੍ਹਣਾ ਨਹੀਂ
ਹੋ ਗਿਆ ਜੇ ਫੇਰ ਗੁਲਾਮ ਮੁੜਕੇ
ਝੰਡੇ ਏਸ ਅਜ਼ਾਦੀ ਦੇ ਝੁੱਲਣਾ ਨਹੀਂ
ਵੇਹੜੇ ਆਣ ਵੜਿਆ ਜੇਕਰ ਗੈਰ ਕੋਈ
ਪਾਸਾ ਤੁਸਾਂ ਦਾ ਕਿਸੇ ਨੇ ਥੁੱਲਣਾ ਨਹੀਂ
ਚੂੰਡ ਲਏਗਾ ਪਿੰਡੇ ਚੋਂ ਮਾਸ ਸਾਰਾ
ਕਿਸੇ ਹਿੱਲਣਾ ਨਹੀਂ ਕਿਸੇ ਝੁਲਣਾ ਨਹੀਂ
ਅੱਗੋਂ ਵਾਂਗਰਾਂ ਜ਼ਹਿਰ ਨੂੰ ਨਾ ਘੋਲੇ
ਜ਼ਹਿਰ ਕੌਲੇ ਪੰਜਾਬ ਵਿੱਚ ਘੁੱਲਣਾ ਨਹੀਂ
ਭਰਿਆ ਪ੍ਰੀਤ ਇਤਹਾਸ ਕੁਰਬਾਨੀਆਂ ਦਾ
ਜੁੱਗਾਂ ਤੀਕ ਵੈਸਾਖੀਏ ਭੁੱਲਣਾ ਨਹੀਂ



Sri Satguru Jagjit Singh Ji Elibrary NamdhariElibrary@gmail.com

# ਪਿਤਾ ਪੁੱਤਰ ਦੇ ਸਵਾਲ ਜਵਾਬ

ਪੋਹ ਦੀ ਸੱਤਵੀ ਨੂੰ ਦਿਉ ਮੁਬਾਰਕਾਂ ਵੇ
ਲਿਆਈ ਦਾਸਤਾਂ ਜੋਧਿਆਂ ਬਾਨੀਆਂ ਦੀ
ਦਿਨ ਅੱਜ ਦੇ ਪਟਨੇ 'ਚ ਪੀਰ ਆਇਆ
ਪੁੱਟੀ ਜੜ੍ਹ ਜਿਸ ਮੁਗਲਾਂ ਗੁਮਾਨੀਆਂ ਦੀ
ਕਰ ਦਿੱਤਾ ਉਸ ਜ਼ਾਲਮ ਦਾ ਸਿਤਮ ਠੰਢਾ
ਪਾ ਦਿੱਤੀ ਆਹੂਤੀ ਕੁਰਬਾਨੀਆਂ ਦੀ
ਦੇਸ਼ ਧਰਮ ਲਈ ਵਾਰ ਪ੍ਰਵਾਰ ਸਾਰਾ
ਰੱਖੀ ਕੋਲ ਨਾ ਤੰਦ ਨਿਸ਼ਾਨੀਆਂ ਦੀ
ਕਿਹਾ ਔਰੰਗੇ ਨੇ ਦੋਹਾਂ ਤੋਂ ਇੱਕ ਕਰਨੈ
ਕੀਤੀ ਗੋਬਿੰਦ ਨੇ ਤੀਜੀ ਲਕੀਰ ਪੈਦਾ
ਮੇਰੇ ਜੋਧਿਆਂ ਦਾ ਜਿੱਥੇ ਖੂੰਨ ਡੁਲ੍ਹੂ
ਦੂਣੇ ਹੋਣਗੇ ਏਸ ਚੋਂ ਬੀਰ ਪੈਦਾ

ਆਏ ਦਰ ਕਸ਼ਮੀਰੀ ਫਰਿਆਦ ਲੈ ਕੇ
ਸੁਣੀ ਆਜਜ਼ਾਂ ਦੀ ਫਰਿਆਦ ਬਾਪੂ
ਚਾਹੁੰਦੇ ਚਮਨ ਜੋ ਸਾਡਾ ਉਜਾੜਨਾ ਏਂ
ਸਾਡੇ ਚਮਨ ਵਿੱਚ ਆਏ ਸਯਾਦ ਬਾਪੂ
ਤੈਥੋਂ ਬਿਨਾ ਨਾ ਸਕਦਾ ਰੋਕ ਕੋਈ
ਹੋ ਜਾਇਗਾ ਸਾਰਾ ਬਰਬਾਦ ਬਾਪੂ
ਸੀਸ ਦੇ ਕੇ ਨੀਂਹ ਤੂੰ ਰੱਖ ਸਾਹਿਬਾ!
ਫੇਰ ਹੋਇਗੀ ਪੂਰੀ ਮੁਰਾਦ ਬਾਪੂ
ਹੜ ਜ਼ੁਲਮ ਦਾ ਇਸ ਤਰ੍ਹਾਂ ਰੁਕਣਾ ਨਹੀਂ
ਲੇਖੇ ਲੱਗੇਗਾ ਸਾਰਾ ਪ੍ਰਵਾਰ ਤੇਰਾ
ਮੁੱਲ ਪਏਗਾ ਫੇਰ ਕੁਰਬਾਨੀਆਂ ਦਾ
ਸੁੱਖੀ ਵਸੇਗਾ ਫੇਰ ਸੰਸਾਰ ਤੇਰਾ



Sri Satguru Jagjit Singh Ji Elibrary NamdhariElibrary@gmail.com

ਪਿਤਾ ਤੇਗ ਬਹਾਦਰ ਨੇ ਕਿਹਾ ਬੇਟਾ
ਲੇਖੇ ਧਰਮ ਦੇ ਸੀਸ ਚੜ੍ਹਾਣ ਚੱਲਿਆਂ
ਏਹਨਾਂ ਰੋਂਦਿਆਂ ਤਾਂਈ ਹਸਾਣ ਚੱਲਿਆਂ
ਉਹਨਾਂ ਜ਼ਾਲਮਾਂ ਤਾਈਂ ਮਿਟਾਣ ਚੱਲਿਆਂ
ਸੀਸ ਦੇ ਕੇ ਚਾਂਦਨੀ ਚੌਕ ਅੰਦਰ
ਬੇੜਾ ਹਿੰਦੀਆਂ ਦਾ ਬੰਨੇ ਲਾਣ ਚੱਲਿਆਂ
ਜਿਸ ਰਾਹ ਤੋਂ ਮੈਂ ਲੰਘਕੇ ਚੱਲਿਆ ਹਾਂ
ਰਾਹ ਤੁਸਾਂ ਦੇ ਤਾਂਈ ਵਖਾਣ ਚੱਲਿਆਂ।
ਦੇ ਚੱਲਿਆਂ ਜੇਹੜਾ ਸੁਨੇਹੜਾ ਮੈਂ
ਇਹਨੂੰ ਸਮਝਣਾ ਨਾ ਖਵਾਬ ਗੋਬਿੰਦ
ਏਦਾ ਸਿੱਖੀ ਦਾ ਮਹਿਲ ਤਿਆਰ ਹੋਊ
ਦੇਣਾ ਪਏਗਾ ਤੈਨੂੰ ਹਿਸਾਬ ਗੋਬਿੰਦ

ਦਿੱਤਾ ਬੇਟਾ ਸੁਨੇਹੜਾ ਜੋ ਤੈਨੂੰ
ਤੈਥੋਂ ਗੁਜਰੀ ਨੂੰ ਨਹੀਂ ਸੁਣਾਇਆ ਜਾਣਾ
ਖੇਰੂੰ ਖੇਰੂੰ ਹੋ ਜਾਊ ਪ੍ਰਵਾਰ ਸਾਰਾ
ਮਰਨ ਲਗਿਆਂ ਮੱਥੇ ਨਹੀਂ ਲਾਇਆ ਜਾਣਾ
ਕੋਈ ਜੰਗ ਅੰਦਰ ਕੋਈ ਬੁਰਜ ਅੰਦਰ
ਕੋਈ ਨੀਹਾਂ ਦੇ ਵਿੱਚ ਚਿਣਾਇਆ ਜਾਣਾ
ਮੇਰੇ ਲਈ ਵੀ ਆਖਰੀ ਘੜੀ ਵੇਲੇ
ਕਫ਼ਨ ਪੌਣ ਲਈ ਤੈਥੋਂ ਨਾ ਆਇਆ ਜਾਣਾ
ਏਦੂੰ ਅੱਗੇ ਹੋਰ ਬੋਲਿਆ ਨਹੀਂ ਜਾਂਦਾ
ਗੱਲ ਰੁਕ ਗਈ ਏ ਆ ਕੇ ਗਲ੍ਹ ਅੰਦਰ
ਠੰਢੇ ਬੁਰਜ 'ਚ ਠੰਡਾ ਉਹ ਲੈ ਹਉਕਾ
ਮਰੂ ਪੋਤਿਆ ਦੇ ਗੁਜਰੀ ਸੈੱਲ ਅੰਦਰ

ਤੈਨੂੰ ਪਏਗੀ ਫੇਰ ਤਲਵਾਰ ਚੁੱਕਣੀ
ਜਾਣਾ ਪਊ ਮੈਦਾਨੇ ਜੰਗ ਅੰਦਰ
ਫਿਰਨਾ ਪਏਗਾ ਰਾਤਾਂ ਹਨੇਰੀਆਂ 'ਚ
ਮਾਛੀਵਾੜੇ ਦੇ ਸੰਘਣੇ ਝੰਗ ਅੰਦਰ



Sri Satguru Jagjit Singh Ji Elibrary NamdhariElibrary@gmail.com

ਲੀਰੋ ਲੀਰ ਚੋਲਾ ਨੰਗੇ ਚਰਨ ਹੋਵਣ
ਸਬਰ ਯਾਰ ਦਾ ਗਾਇਗਾ ਰੰਗ ਅੰਦਰ
ਘੋੜਾ ਬਾਜ ਨਾ ਸ਼ਾਹੀ ਲਿਬਾਸ ਹੋਸੀ
ਫਿਰੇਂ ਕੱਟਦਾ ਤੰਗੀਆਂ ਤੰਗ ਅੰਦਰ
ਫਿਰਕੀ ਵਾਂਗਰਾਂ ਘੁੰਮਦਾ ਆਨ੍ਹ ਸਾਹਵੇਂ
ਨਕਸ਼ਾਂ ਬਣਕੇ ਹਿੰਦੁਸਤਾਨ ਦਾ ਏ
ਰੋਹ 'ਚ ਆਣ ਕੇ ਤੇਰੀ ਤਲਵਾਰ ਬੋਲੂ
ਆਕੜ ਭੰਨਦਾ ਤੀਰ ਕਮਾਨ ਦਾ ਏ

ਭਗਤੀ ਸ਼ਕਤੀ ਤੇ ਬੀਰਤਾ ਅਣਖ ਤੇਰੀ
ਧਾਂਕ ਜੰਮੇਗੀ ਸਾਰੇ ਜਹਾਨ ਅੰਦਰ
ਭਾਂਜ ਪਏਗੀ ਆਣਕੇ ਵੈਰੀਆਂ ਨੂੰ
ਸੀਹਣੀ ਕੱਢੇਗਾ ਜਦੋਂ ਮੈਦਾਨ ਅੰਦਰ
ਤੇਰੇ ਬਾਟੇ ਚੋਂ ਪਹੁਲ ਦਾ ਘੁੱਟ ਭਰਕੇ
ਸਰਕੂ ਮੁਰਦੀਆਂ ਰੂਹਾਂ ਦੇ ਜਾਨ ਅੰਦਰ
ਮਿਟ ਜਾਇਗਾ ਜ਼ੁਲਮ ਹਨ੍ਹੇਰ ਜੱਗ ਚੋਂ
ਚਮਕੂ ਗੁਜਰੀ ਦਾ ਚੰਨ ਅਸਮਾਨ ਅੰਦਰ
ਜਦ ਤੱਕ ਇਹ ਜਿਮੀਂ ਅਸਮਾਨ ਰਹਿਸੀ
ਹੁੰਦਾ ਰਹੇਗਾ ਸਦਾ ਸਤਿਕਾਰ ਤੇਰਾ
ਪੂਜੀ ਜਾਏਗੀ ਸਦਾ ਤਲਵਾਰ ਤੇਰੀ
ਪੂਜਿਆ ਜਾਏਗਾ ਪ੍ਰੀਤ ਦਰਬਾਰ ਤੇਰਾ।

•



Sri Satguru Jagjit Singh Ji Elibrary NamdhariElibrary@gmail.com

# ਸ਼ਹੀਦ

ਪੁੱਤ ਲੱਖਾਂ ਮਾਵਾਂ ਘਰ ਹੋਣ ਪੈਦਾ
ਨੇਕ ਮਾਵਾਂ ਘਰ ਜੰਮਣ ਇੱਕ ਵੇਰ ਪੁੱਤਰ
ਜੇਹੜੇ ਹੱਦਾਂ ਸਰਹਦਾਂ ਤੇ ਤਣ ਜਾਂਦੇ
ਤਣ ਜਾਂਦੇ ਨੇ ਬਣ ਕੁਬੇਰ ਪੁੱਤਰ
ਦਿਲ ਜਿੰਨ੍ਹਾਂ ਦੇ ਗੈਰ ਦੀ ਚਿਣਗ ਹੁੰਦੀ
ਉਹ ਜੰਮਦਿਆਂ ਹੁੰਦੇ ਦਲੇਰ ਪੁੱਤਰ
ਦੇਸ਼ ਕੌਮ ਉਤੋਂ ਆਪਾ ਵਾਰ ਦੇਂਦੇ
ਮਾਵਾਂ ਸ਼ੀਹਣੀਆਂ ਜੰਮਦੀਆਂ ਸ਼ੇਰ ਪੁੱਤਰ

ਮਿਲਦਾ ਫੇਰ ਸ਼ਹੀਦੀ ਦਾ ਦਾਖਲਾ ਏ
ਪਹਿਲੋਂ ਤਾਰਦੇ ਮੁੱਲ ਜਵਾਨੀਆਂ ਦੇ
ਵਿੱਚ ਇਤਹਾਸ ਸੁਨਹਿਰੀ ਅੱਖਰਾਂ ਦੇ
ਲਿਖੇ ਜਾਂਦੇ ਨੇ ਪੰਨੇ ਕੁਰਬਾਨੀਆਂ ਦੇ
ਪੂਜੇ ਜਾਂਦੇ ਨੇ ਸਦਾ ਜਹਾਨ ਅੰਦਰ
ਲੋਕੀ ਨਾਂ ਲੈਂਦੇ ਜੋਧੇ ਬਾਨੀਆਂ ਦੇ
ਰਹਿੰਦੀ ਦੁਨੀਆਂ ਤੱਕ ਰਹਿਣਗੇ ਨਾਮ ਰੋਸ਼ਨ
ਹੁੰਦੇ ਨਾਂ ਉੱਚੇ ਖਾਨਦਾਨੀਆਂ ਦੇ

ਨਹੀਂ ਰੀਝਦੇ ਲੋਭ ਸੁਆਰਥਾਂ ਤੇ
ਰਾਹ ਜਿੰਨ੍ਹਾਂ ਪ੍ਰੇਮ ਦੇ ਜਾਣੇ ਹੁੰਦੇ
ਖੂਨ ਖੌਲ਼ਦਾ ਉਹਨਾਂ ਦੀਆਂ ਰਗਾਂ ਅੰਦਰ
ਬੱਧੇ ਜਿੰਨਾ ਸ਼ਹੀਦੀ ਦੇ ਗਾਨੇ ਹੁੰਦੇ
ਲਾੜੀ ਮੌਤ ਨੂੰ ਹੱਸ ਹੱਸ ਵਰਦੇ ਉਹ



Sri Satguru Jagjit Singh Ji Elibrary NamdhariElibrary@gmail.com

ਸਦਾ ਜਿੰਨਾ ਦੇ ਪੱਕੇ ਨਿਸ਼ਾਨੇ ਹੁੰਦੇ
ਸ਼ਮਾ ਬਲ੍ਹੀ ਤੋਂ ਭਜਕੇ ਆਉਣ ਜੇਹੜੇ
ਦੇਸ਼ ਭਗਤ ਉਹ ਕੌਮੀ ਪ੍ਰਵਾਨੇ ਹੁੰਦੇ

ਜਿੰਨਾਂ ਤਲੀ ਤੇ ਜਾਨ ਟਿਕਾਈ ਹੋਈ ਏ
ਪਿਆਰੇ ਵਤਨ ਲਈ ਉਹ ਨੇ ਮਰ ਸਕਦੇ
ਜ਼ਬਰ ਜ਼ੁਲਮ ਜਦੋਂ ਹੱਦੋਂ ਵਧ ਜਾਏ
ਅੱਖੀ ਸੂਰਮੇ ਵੇਖ ਨਹੀਂ ਜਰ ਸਕਦੇ
ਪਾਣ ਲਈ ਮਹਿਬੂਬ ਕਿਨਾਰਿਆਂ ਨੂੰ
ਆਸ਼ਕ ਰਾਤੀਂ ਦਰਿਆ ਨੇ ਤਰ ਸਕਦੇ
ਚੱਲਕੇ ਉਹਨਾਂ ਵਲ ਆਉਂਦੀ ਏ ਆਪ ਮੰਜ਼ਲ
ਜੇਹੜੇ ਆਪ ਮੰਜ਼ਲ ਹੱਲ ਕਰ ਸਕਦੇ

ਪੀਂਦੇ ਹੱਸਕੇ ਜਾਮ ਸ਼ਹੀਦੀਆਂ ਦਾ
ਅੱਗੇ ਤੋਪ ਖਲੋਣ ਦਾ ਢੰਗ ਆਉਂਦੇ
ਹਦ ਧਰਮ ਦੀ ਜ਼ੁਲਮ ਜਾਂ ਨਿਗਲ ਜਾਵੇ
ਧਰਮੀ ਸਿਰ ਉੱਤੇ ਕਫਨ ਟੰਗ ਆਉਂਦੇ
ਹੱਸ ਚੁੰਮ ਲੈਂਦੇ ਰੱਸੇ ਫਾਂਸੀਆਂ ਦੇ
ਖਾਤਰ ਅਮਨ ਦੀ ਸਾਹਮਣੇ ਜੰਗ ਆਉਂਦੇ
ਉਹ ਨਹੀਂ ਡਰਦਾ ਕਦੇ ਮੌਤ ਕੋਲੋਂ
ਸਰੇਆਮ ਮੈਦਾਨੇ ਮਲੰਗ ਆਉਂਦੇ

ਜਿੱਥੇ ਜਿੱਥੇ ਸ਼ਹੀਦਾਂ ਦਾ ਖੂਨ ਡੁੱਲੇ
ਓਸ ਧਰਤੀ ਨੂੰ ਲਗਦੇ ਭਾਗ ਵੇਖੇ
ਮੱਥੇ ਮੜ੍ਹੇ ਕਲੰਕ ਗੁਲਾਮੀਆਂ ਦੇ
ਧੋਤੇ ਕੌਮਾਂ ਚੋਂ ਪੱਗਾਂ ਦੇ ਦਾਗ ਵੇਖੇ
ਲਗੇ ਸਿਰ ਸੰਧੂਰ ਸੁਹਾਗਣਾਂ ਦੇ
ਜਦੋਂ ਪੂਜੀਂਦੇ ਵੇਖੇ ਸੁਹਾਗ ਵੇਖੇ
ਮਰਨ ਪਿੱਛੋਂ ਨੇ ਲਗਦੇ ਰੋਜ਼ ਮੇਲੇ
ਬਲ੍ਹਦੇ ਮੜ੍ਹੀਆਂ ਤੇ ਸਦਾ ਚਿਰਾਗ ਵੇਖੇ



Sri Satguru Jagjit Singh Ji Elibrary NamdhariElibrary@gmail.com

ਚੰਨ ਸੂਰਜ ਤਾਰੇ ਜਦ ਤੀਕ ਚੜ੍ਹਸਣ
ਇਹਨਾਂ ਈਦ ਦੇ ਚੰਨਾਂ ਦਾ ਨਾਮ ਚਮਕੂ
ਦੇਸ਼ ਕੌਮ ਤੇ ਧਰਮ ਲਈ ਮਰੇ ਜਿਹੜੇ
ਬੰਦੇ ਬੇ-ਖਰੀਦਾਂ ਦਾ ਨਾਮ ਚਮਕੂ
ਆਪਾ ਵਾਰਕੇ ਜਿੰਨਾ ਨੇ ਲਾਜ ਰੱਖੀ
ਉਹਨਾਂ ਮਰਦ ਮੁਰੀਦਾਂ ਦਾ ਨਾਮ ਚਮਕੂ
ਅਣਖ ਗੈਰਤ ਦੇ ਲਈ ਕੁਰਬਾਨ ਹੋ ਗਏ
ਜੱਗ ਤੇ ਅਮਰ ਸ਼ਹੀਦਾਂ ਦਾ ਨਾਮ ਚਮਕੂ

ਤਨ ਮਨ ਧਨ ਲਾਇਆ ਏ ਦੇਸ਼ ਲੇਖੇ
ਪੂਜੇ ਜਾਣਗੇ ਉਹੋ ਜਹਾਨ ਅੰਦਰ
ਮੇਲੇ ਲੱਗਣਗੇ ਉਹਨਾਂ ਦੀ ਮੜ੍ਹੀ ਉੱਤੇ
ਜਾਨ ਪਊ ਇਤਹਾਸ ਦੀ ਜਾਨ ਅੰਦਰ
ਨਾਂ ਲੈ ਕੇ ਗਾਉਣਗੇ ਲੋਕ ਵਾਰਾਂ
ਉਹਨਾਂ ਅਮਰ ਸ਼ਹੀਦਾਂ ਦੀ ਸ਼ਾਨ ਅੰਦਰ
ਬਲਦੀ ਸ਼ਮਾਂ ਆਜ਼ਾਦੀ ਦੀ ਵੇਖਕੇ ਤੇ
ਦਿੱਤੀ ਹੱਸਕੇ ਜਾਨ ਮੈਦਾਨ ਅੰਦਰ

ਵਜਾਇਆ ਭੈਣੀ ਚੋਂ ਮਰਦ ਅਗੰਮੜੇ ਨੇ।
ਜਾਗ ਉਠਿਆ ਸੁਣਕੇ ਨਾਦ ਭਾਰਤ
ਗੁਰੂ ਰਾਮ ਸਿੰਘ ਦੀ ਦਿੱਤੀ ਦੇਣ ਬਦਲੇ
ਤਾਹੀਓਂ ਹੋਇਆ ਸੀ ਦੇਸ਼ ਅਬਾਦ ਭਾਰਤ
ਨਾ ਟੁੱਟਦੇ ਸੰਗਲ ਗੁਲਾਮੀਆ ਦੇ
ਹੁੰਦਾ ਕਦੀ ਨਾਂ ਇਸ ਤਰਾਂ ਸ਼ਾਦ ਭਾਰਤ
ਸ਼ਮਾਂ ਬਾਲ੍ਹਦਾ ਪ੍ਰੀਤ ਨਾਂ ਕੋਟਲੇ 'ਚ
ਸਾਥੋਂ ਹੁੰਦਾ ਨਾ ਕਦੇ ਅਜ਼ਾਦ ਭਾਰਤ



Sri Satguru Jagjit Singh Ji Elibrary NamdhariElibrary@gmail.com

# ਸ਼ਹਾਦਤ ਤਵਾਰੀਖ

ਜਦ ਪੜ੍ਹਿਆ ਇਤਿਹਾਸ ਸ਼ਹਾਦਤਾਂ ਦਾ
ਸੁਰਖ਼ ਰੇਖਾ ਹਰ ਬੰਨਿਉ ਬੋਲ ਉਠੀ
ਤਵਾਰੀਖ ਹਰ ਸਮੇਂ ਦੀ ਲਈ ਕਰਵਟ
ਭਾਰਤ ਮਾਂ ਦੁੱਖ ਆਪਣੇ ਫੋਲ ਉਠੀ
ਭੈਣੀ ਵਾਲੇ ਅਜ਼ਾਦੀ ਦੀ ਕੂਕ ਮਾਰੀ
ਸੁੱਤੀ ਮਾਨਵਤਾ ਅਖੀਆਂ ਖੋਹਲ ਉੱਠੀ
ਸੋਹਣੇ ਅਮਰ ਸ਼ਹੀਦਾਂ ਦੀ ਕੁਰਬਾਨੀ
ਕਰਨ ਗੋਰੇ ਦਾ ਬਿਸਤਰਾ ਗੋਲ ਉਠੀ

ਦੇਸ਼ ਕੌਮ ਤੇ ਧਰਮ ਦੀ ਨੀਂਹ ਖਾਤਰ
ਹੱਸ ਸੂਲੀਆਂ ਫਾਸੀਆਂ ਚੜ੍ਹੇ ਹੋਏ ਆਂ
ਤੱਤੀ ਤਵੀ ਤੇ ਚਾਂਦਨੀ ਚੌਕ ਅੰਦਰ
ਤੱਤੀਆਂ ਦੇਗਾਂ ਵਿੱਚ ਵੀ ਕੜ੍ਹੇ ਹੋਏ ਆਂ
ਅੱਗੇ ਤੋਪਾਂ ਦੇ ਛਾਤੀਆਂ ਡਾਹ ਹੱਸਕੇ
ਬਿਨਾ ਸਿਰਾਂ ਤੋਂ ਜੰਗ ਵਿੱਚ ਲੜੇ ਹੋਏ ਆਂ
ਮਿਲ ਦਾ ਮਰਤਬਾ ਜਿੱਥੇ ਸ਼ਹਾਦਤਾਂ ਦਾ
ਅਸੀਂ ਉਸ ਸਕੂਲ ਵਿੱਚ ਪੜ੍ਹੇ ਹੋਏ ਆਂ

ਤਿੰਨ ਪੀੜ੍ਹੀਆਂ ਜਿਸਨੇ ਵਾਰੀਆਂ ਨੇ
ਅਸੀਂ ਓਸ ਪ੍ਰਵਾਰ ਦੀ ਲੜੀ ਵਿੱਚੋਂ
ਭਾਣਾ ਮਿੱਠਾ ਕਰਕੇ ਜਿਸ ਮੰਨਿਆਂ ਸੀ
ਧੂਆਂ ਨਿਕਲਿਆ ਸੀ ਤਵੀ ਸੜੀ ਵਿੱਚੋਂ
ਜੇਹੜਾ ਹੋਇਆ ਸੀ ਸਾਕਾ ਸਰਹੰਦ ਅੰਦਰ



Sri Satguru Jagjit Singh Ji Elibrary NamdhariElibrary@gmail.com

ਨੀਹ ਰੱਖੀ ਚਮਕੌਰ ਦੀ ਗੜ੍ਹੀ ਵਿੱਚੋਂ
ਖ਼ੂਨੀ ਆ ਕੇ ਸੰਸਾਰ ਕੰਬਾ ਦਿੱਤਾ
ਕਲਰ ਕੋਟਲੇ ਦੀ ਖ਼ੂਨੀ ਰੜੀ ਵਿੱਚੋਂ

ਸਾਡਾ ਹੌਸਲਾ ਹਿੰਮਤ ਬੁਲੰਦ ਰਹੀ
ਏਨਾ ਨਾਲ ਗੋਰਾਂ ਸਦਾ ਖਹਿ ਖਹਿ ਕੇ
ਸਾਡੀ ਛਾਤੀ ਰਹੀ ਪੀੜ੍ਹੀ ਫੌਲਾਦ ਬਣਦੀ
ਤੋਪਾਂ ਢਲਦੀਆਂ ਦੇ ਗੋਲੇ ਸਹਿ ਸਹਿ ਕੇ
ਅੱਜ ਤੀਕ ਵੀ ਅਸੀਂ ਨਾ ਬਣੇ ਖੰਡਰ
ਹੋਰ ਉਸਰਦੇ ਰਹੇ ਹਾਂ ਢਹਿ ਢਹਿ ਕੇ
ਨੀਵੀਂ ਦੇਸ਼ ਦੀ ਧੌਣ ਨਹੀਂ ਹੋਣ ਦਿੱਤੀ
ਲੜੇ ਜੰਗਲਾਂ 'ਚ ਭੁੱਖੇ ਰਹਿ ਰਹਿ ਕੇ

ਹਰ ਜੁੱਗ ਸਾਡੇ ਇਮਤਿਹਾਨ ਹੋਏ
ਸਬਕ ਪੜ੍ਹਦੇ ਰਹੇ ਕੁਰਬਾਨੀਆਂ ਦਾ
ਦੇਸ਼ ਕੌਮ ਤੇ ਧਰਮ ਦੇ ਸਦਾ ਬਦਲੇ
ਰਹੇ ਤਾਰਦੇ ਮੁੱਲ ਜਵਾਨੀਆਂ ਦਾ
ਜਦ ਵੀ ਕੀਤਾ ਸੀ ਵਾਰ ਬੇਗਾਨਿਆਂ ਨੇ
ਲਹੂ ਕੱਢਿਆ ਨਾਸਾਂ ਬੇਗਾਨੀਆਂ ਦਾ
ਸਾਡੇ ਸੂਰਿਆਂ ਅਣਖੀਂ ਪ੍ਰਵਾਨਿਆਂ ਨੇ
ਰੱਖਿਆ ਸਿਰ ਉੱਚਾ ਹਿੰਦੋਸਤਾਨੀਆਂ ਦਾ

ਓਸ ਕੌਮ ਦੇ ਜਿਉਣ ਦਾ ਹੱਜ ਕੋਈ ਨਹੀਂ
ਜੀਹਦੀ ਅਣਖ ਤੇ ਗੌਰਵ ਈਮਾਨ ਕੋਈ ਨਹੀਂ
ਜ਼ੁਲਮ ਵੇਖ ਹੁੰਦਾ ਨੀਂਵੀ ਪਾ ਲੈਂਦਾ
ਭੈੜਾ ਮਰਿਆਂ ਤੋਂ ਉਹ ਇਨਸਾਨ ਕੋਈ ਨਹੀਂ
ਦੇਂਦਾ ਇੱਟ ਦਾ ਨਹੀਂ ਜਵਾਬ ਪੱਥਰ
ਸਮਝੋ ਮੂੰਹ ਦੇ ਵਿੱਚ ਜ਼ੁਬਾਨ ਕੋਈ ਨਹੀਂ
ਇੱਜ਼ਤ ਉਸਦੀ ਸਦਾ ਫਿਰ ਰੁਲੇ ਮਿੱਟੀ
ਉਸ ਕੌਮ ਦੀ ਰਹਿੰਦੀ ਫਿਰ ਸ਼ਾਨ ਕੋਈ ਨਹੀਂ



Sri Satguru Jagjit Singh Ji Elibrary NamdhariElibrary@gmail.com

ਕੌਮਾਂ ਜਿਉਂਦੀਆਂ ਨਾਲ ਕੁਰਬਾਨੀਆਂ ਦੇ
ਸਰ ਜ਼ੁਲਮ ਤਾਂਈ ਸੂਰੇ ਕਰਨ ਆਉਂਦੇ
ਰਤਾ ਮੌਤ ਦੀ ਨਹੀਂ ਪ੍ਰਵਾਹ ਕਰਦੇ
ਬਲੇ ਸ਼ਮਾਂ ਪ੍ਰਵਾਨੇ ਨੇ ਮਰਨ ਆਉਂਦੇ
ਥਾਂ ਤੇਲ ਦੀ ਆਪਣੀ ਰੱਤ ਪਾ ਕੇ
ਦੀਵਾ ਦੁਸ਼ਮਣਾਂ ਦੀ ਹਿੱਕ ਤੇ ਧਰਨ ਆਉਂਦੇ
ਦੇਸ਼ ਕੌਮ ਤੇ ਧਰਮ ਨਾਲ ਪ੍ਰੀਤ ਹੁੰਦੀ
ਉਹ ਮਰਨ ਆਉਂਦੇ, ਨਾਹੀ ਡਰਨ ਆਉਂਦੇ



Sri Satguru Jagjit Singh Ji Elibrary NamdhariElibrary@gmail.com

# ਚਿੱਤਰਕਾਰ ਹਾਂ ਜੀਵਨ ਦੀ ਤਸਵੀਰ ਦਾ

ਪਾਂਧੀ ਰਿਹਾਂ ਸਦਾ ਮੈਂ ਉਹਨਾਂ ਰਾਹਵਾਂ ਦਾ
ਰੱਜ ਰੱਜ ਪੀਤਾ ਪਾਣੀ ਪੰਜ ਦਰਿਆਵਾਂ ਦਾ
ਪੱਲਿਆ ਪੀ ਪੀ ਸ਼ੀਰ ਸ਼ੋਹਣੀਆਂ ਮਾਵਾਂ ਦਾ
ਰੱਖਿਆ ਸਦਾ ਮਾਨ ਨਿਰਬਲ ਅਬਲਾਵਾਂ ਦਾ
ਕਾਇਮ ਰਿਹਾ ਹਾਂ ਮੈਂ ਆਪਣੀ ਜ਼ਮੀਰ ਦਾ
ਮੈਂ ਚਿੱਤਰਕਾਰ ਹਾਂ ਜੀਵਨ ਦੀ ਤਸਵੀਰ ਦਾ

ਨਾਨਕ ਦੀ ਸਿੱਖੀ ਦਾ ਮੈਂ ਝੁੱਲ ਸ਼ਾਹੀ ਹਾਂ
ਗੁਰ ਗੋਬਿੰਦ ਦੇ ਰਾਹਵਾਂ ਦਾ ਮੈਂ ਰਾਹੀਂ ਹਾਂ
ਬਾਰ੍ਹਵੇਂ ਗੁਰ ਦਾ ਪੱਕਾ ਸੰਤ ਸਿਪਾਹੀ ਹਾਂ
ਲੜ ਫੜਿਆ ਏ ਗੁਰ ਜਗਜੀਤ ਜਹੇ ਪੀਰ ਦਾ
ਮੈਂ ਚਿੱਤਰਕਾਰ ..................

ਸਾਡਾ ਕੈਮਰਾ ਅੱਖ ਦਾ ਮੈਲਾ ਹੋਇਆ ਨਹੀਂ
ਰੰਗਾਂ ਚੋਂ ਚਿੱਤਰੇ ਰੰਗ ਗਾਰਾ ਗੋਇਆ ਨਹੀਂ
ਰਾਹ ਰਖੇ ਨੇ ਸਾਡਾ ਕੋਈ ਪੁੱਟਿਆ ਟੋਇਆ ਨਹੀਂ
ਦੁੱਖ ਕਦੀ ਵੀ ਗੈਰਾਂ ਅੱਗੇ ਰੋਇਆ ਨਹੀਂ
ਝੁਕੀ ਨਹੀਂ ਕਮਾਨ, ਹਾਂ ਭੱਥਾ ਤੀਰ ਦਾ
ਮੈਂ ਚਿੱਤਰਕਾਰ ..................

ਰੱਖੀ ਕਾਇਮ ਜ਼ਮੀਰ ਕਿਸੇ ਤੋਂ ਡਰਿਆ ਨਹੀਂ
ਜਿੱਤ ਦਾ ਰਿਹਾ ਹਾਂ ਜਿੱਤਾਂ ਕਦੀ ਵੀ ਹਰਿਆ ਨਹੀਂ



Sri Satguru Jagjit Singh Ji Elibrary NamdhariElibrary@gmail.com

ਰੱਖਿਆ ਜਿੱਥੇ ਪੈਰ ਪਿਛਾਂਹ ਮੈਂ ਧਰਿਆ ਨਹੀਂ
ਜ਼ੁਲਮ ਵੇਖਕੇ ਸਿਰ ਮੈਂ ਨੀਵਾਂ ਕਰਿਆ ਨਹੀਂ
ਮਸ਼ਕ ਘਨੱਈਏ ਵਾਲੀ ਮੂੰਹ ਸ਼ਮਸ਼ੀਰ ਦਾ
ਮੈਂ ਚਿੱਤਰਕਾਰ ..................

ਦੇਸ਼ ਤੋਂ ਵਾਰਨ ਲਈ ਜਵਾਨੀ ਮੰਗੀ ਏ
ਕਤਲ ਗਾਹੋਂ ਜਾਂ ਕੁਰਬਾਨੀ ਮੰਗੀ ਏ
ਅਮਰ ਸ਼ਹੀਦਾਂ ਵਾਲੀ ਨਿਸ਼ਾਨੀ ਮੰਗੀਏ
ਰਚਨ ਲਈ ਇਤਹਾਸ ਇੱਕ ਕਾਨੀ ਮੰਗੀ ਏ
ਲਿਖਿਆ ਮਾਛੀਵਾੜੇ ਹਾਲ ਫਕੀਰ ਦਾ
ਮੈਂ ਚਿੱਤਰਕਾਰ ..................

ਵੈਰੀ ਅੱਗੇ ਬਣ ਹਿਮਾਲਾ ਖੜ੍ਹਿਆ ਮੈਂ
ਤਤੀ ਤਵੀ 'ਤੇ ਬੈਠਾ, ਦੇਗੀਂ ਕੜ੍ਹਿਆ ਮੈਂ
ਬੰਦ ਬੰਦ ਕਟਵਾਇਆ ਚਰਖੀ ਚੜ੍ਹਿਆ ਮੈਂ
ਕਿਵੇਂ ਗੋਰੇ ਨੂੰ ਗੁੱਲੀ ਵਾਂਗਰ ਘੜਿਆ ਮੈਂ
ਸੰਗਲ ਗੁਲਾਮੀ ਤੋੜਿਆ ਪ੍ਰੀਤ ਜ਼ੰਜੀਰ ਦਾ
ਮੈਂ ਚਿੱਤਰਕਾਰ ..................



Sri Satguru Jagjit Singh Ji Elibrary NamdhariElibrary@gmail.com

# ਅਮਨ ਤੇ ਜੰਗ

ਬੂਟਾ ਸੁੱਕਦਿਆਂ ਸੁੱਕਦਿਆਂ ਸੁੱਕ ਜਾਣੈ
ਲੱਗ ਗਈ ਸਿਉਂਕ ਏ ਜੜ੍ਹ ਬੀਬਾ
ਹੱਥੀਂ ਦੁਸ਼ਮਣਾਂ ਦੇ ਜ਼ਬਰ ਜ਼ੁਲਮ ਵਾਲਾ
ਤੀਰ ਗਿਆ ਕਮਾਣ ਤੇ ਚੜ੍ਹ ਬੀਬਾ
ਘਾਣ ਕਰਨ ਦੇ ਲਈ ਮਨੁੱਖਤਾ ਦਾ
ਵੈਰੀ ਗਿਆ ਮੈਦਾਨ ਵਿੱਚ ਵੜ ਬੀਬਾ
ਨਾਂ ਸੌਂ ਹੁਣ ਲੰਮੀਆਂ ਤਾਣਕੇ ਤੇ
ਅਮਨ ਏਕਤਾ ਲਈ ਹੁਣ ਲੜ ਬੀਬਾ

ਥਾਂ ਥਾਂ 'ਤੇ ਬਰੂਦ ਦੇ ਢੇਰ ਲੱਗੇ
ਖਾਲੀ ਥਾਂ ਕਿੱਥੇ ਜਾਵਾਂ ਖੜ੍ਹ ਬੀਬਾ
ਜਿਹਨੂੰ ਆਪਣਾ ਸਮਝਨੈ ਤੂੰ ਮਿੱਤਰ
ਵੈਰੀ ਬਣਕੇ ਗਿਆ ਈ ਅੜ ਬੀਬਾ
ਇੱਕ ਦਿਨ ਏਹ ਪਿਆਰਾ ਪੰਜਾਬ ਤੇਰਾ
ਬਣ ਜਾਏ ਨਾ ਜੰਗ ਦਾ ਗੜ੍ਹ ਬੀਬਾ
ਹੱਥੋਂ ਵੇਲਾ ਹੁਣ ਕਿਤੇ ਗਵਾ ਨਾ ਬਹੀਂ
ਅਮਨ ਏਕਤਾ ਲਈ ਹੁਣ ਲੜ ਬੀਬਾ

ਏਸ ਰਸੀ ਦੇ ਅਜੇ ਨਹੀਂ ਵੱਟ ਲੱਥੇ
ਤੂੰ ਸਮਝਨੈ ਗਈ ਏ ਸੜ ਬੀਬਾ
ਏਹਦੇ ਮਗਰ ਜੰਗਬਾਜ਼ ਦਾ ਹੱਥ ਹੈ ਈ
ਸੁੱਕੀ ਮਾਰਦਾ ਨਹੀਉਂ ਏਹ ਫੜ ਬੀਬਾ
ਜੇਕਰ ਹੁਣ ਤੂੰ ਏਸਦੇ ਹੱਥ ਆਇਉਂ



Sri Satguru Jagjit Singh Ji Elibrary NamdhariElibrary@gmail.com

ਗੁੱਲੀ ਵਾਂਗ ਏਹ ਦੇਵੇਗਾ ਘੜ ਬੀਬਾ
ਵੇਲੇ ਬੀਤੇ ਨੂੰ ਫੇਰ ਪਛਤਾਵੇਂਗਾ ਤੂੰ
ਅਮਨ ਏਕਤਾ ਲਈ ਹੁਣ ਲੜ ਬੀਬਾ

ਤੇਰੇ ਨਾਲ ਇਸ ਫੇਰ ਸ਼ਰਾਰਤ ਕਰਕੇ
ਦੋਸ਼ ਸਿਰ ਤੇਰੇ ਦੇਣਾ ਮੜ੍ਹ ਬੀਬਾ
ਏਹਨੇ ਜੋੜਕੇ ਘਰ ਹਥਿਆਰ ਰੱਖੇ
ਸੁੱਕੀ ਮਾਰਦਾ ਨਹੀਉਂ ਏਹ ਫੜ ਬੀਬਾ
ਤੂੰ ਸਮਝਨੈ ਬੂਟਾ ਏ ਪਾਕ ਅੰਦਰ
ਲੱਗੀ ਵਿੱਚ ਅਮਰੀਕਾਂ ਦੇ ਜੜ੍ਹ ਬੀਬਾ
ਵੇਲਾ ਵੇਖਕੇ ਏਸ ਨਹੀਂ ਘੱਟ ਕਰਨੀ
ਅਮਨ ਏਕਤਾ ਲਈ ਹੁਣ ਲੜ ਬੀਬਾ

ਕਿੰਨੀ ਵਾਰ ਏਸ ਅੱਗੇ ਵੰਗਾਰਿਆ ਈ
ਤੂੰ ਬੈਠਾ ਏਂ ਵੱਟਕੇ ਦਲ ਬੀਬਾ
ਏਸ ਪਤਾ ਨਹੀਂ ਕਦੋਂ ਉਬਾਲਾ ਖਾਣਾ
ਤੱਤੇ ਪਾਣੀ ਵਾਂਗ ਰਿਹਾ ਈ ਕੜ੍ਹ ਬੀਬਾ
ਏਸ ਨੱਚਣਾ ਕਿਸੇ ਦੀ ਸ਼ਹਿ ਉੱਤੇ
ਬਣ ਕੇ ਆਉਣਾ ਤੂਫਾਨ ਦਾ ਹੜ੍ਹ ਬੀਬਾ
ਕਿਵੇਂ ਹਟੇਂਗਾ ਦਸ ਤੂੰ ਫੇਰ ਪਿੱਛੇ
ਅਮਨ ਏਕਤਾ ਲਈ ਹੁਣ ਲੜ ਬੀਬਾ

ਮਾਰਾਂ ਖਾਧੀਆਂ ਕਿੰਨੀ ਤੂੰ ਫੇਰ ਅੱਗੇ
ਰੱਖ ਹੱਥ ਵਿੱਚ ਫੜਕੇ ਫੜ ਬੀਬਾ
ਏਹਦਾ ਚੰਗੀ ਤਰ੍ਹਾਂ ਭੰਨੀ ਫੇਰ ਬੂਥਾ
ਜਦੋਂ ਕਰੇਗਾ ਹੁਣ ਬੜ ਬੜ ਬੀਬਾ
ਜਿਸ ਦਿਨ ਹੁਣ ਏਸ ਅੱਤ ਚੁੱਕੀ
ਵਖਰਾ ਸਿਰ ਤੋਂ ਕਰ ਦਈਂ ਧੜ ਬੀਬਾ
ਪ੍ਰੀਤ ਨਿਰਾ ਨਾ ਅਮਨ ਦਾ ਪੁੱਤਰ ਬਣ ਜਾ
ਅਮਨ ਏਕਤਾ ਲਈ ਹੁਣ ਲੜ ਬੀਬਾ

ਪ੍ਰੀਤ ਕੁਰਬਾਨੀਆਂ/88

Sri Satguru Jagjit Singh Ji Elibrary NamdhariElibrary@gmail.com

# ਦਸ਼ਮੇਸ਼

ਆਨੰਦਪੁਰ ਦਾ ਅਨੰਦ ਜਿਸ ਮਾਣਿਆ ਸੀ
ਦੂਰ ਕੋਲੋਂ ਉਹ ਪੁਰੀ ਅਨੰਦ ਰਹਿ ਗਏ
ਸਰਸਾ ਨਦੀ ਤੇ ਵਿਛੜ ਪ੍ਰਵਾਰ ਗਿਆ
ਨਾਲ ਜੀਆਂ ਦੇ ਨਾ ਸਰਬੰਸ ਰਹਿ ਗਏ
ਘੋੜਾ ਬਾਜ ਨਾ ਤਖਤੋ ਤਾਜ ਰਿਹਾ
ਫਰਜ਼ਾਂ ਵਾਲੇ ਨਾ ਨਾਲ ਫਰਜ਼ੰਦ ਰਹਿ ਗਏ
ਦੋ ਗੜ੍ਹੀ ਚਮਕੌਰ ਸ਼ਹੀਦ ਹੋ ਗਏ
ਗੁਜਰੀ ਨਾਲ ਦੋ ਲਾਲ ਸਰਹੰਦ ਰਹਿ ਗਏ

ਜ਼ਬਰ ਜ਼ੁਲਮ ਹਦ ਧਰਮ ਦੀ ਟੱਪ ਜਾਵੇ
ਥਾਂ ਅਮਨ ਦੀ ਸਾਹਮਣੇ ਜੰਗ ਆਉਂਦੇ
ਹੋਏ ਲਹੂ ਲੁਹਾਨ ਨੇ ਚਰਨ ਜਿੱਥੇ
ਮਾਛੀਵਾੜੇ ਦਾ ਸਾਹਮਣੇ ਢੰਗ ਆਉਂਦੇ
ਸੇਜ ਕੰਡਿਆਂ ਦੀ ਉੱਤੇ ਆਣ ਸੁੱਤਾ
ਜਿਕਰ ਇੱਟ ਦਾ ਵਿੱਚ ਪ੍ਰਸੰਗ ਆਉਂਦੇ
ਮੋਏ ਵਿਛੜੇ ਬਹਿਕੇ ਮਿੱਤਰਾਂ ਨੂੰ
ਨਾਲ ਕਲਮ ਦੇ ਲਿਖਣ ਦਾ ਢੰਗ ਆਉਂਦੇ

ਦੇਸ਼ ਕੌਮ ਤੇ ਧਰਮ ਬਚਾਉਣ ਬਦਲੇ
ਜੇ ਨਾ ਤੇਗ ਬਹਾਦਰ ਕੁਰਬਾਨ ਹੁੰਦੇ
ਨਾ ਸਿਰਾਂ ਦੇ ਉੱਤੇ ਦਸਤਾਰ ਦਿਸਦੀ
ਕੇਸ ਕੜੇ ਨਾ ਖੰਡੇ ਕਿਰਪਾਨ ਹੁੰਦੇ
ਝੁਲਦੇ ਕੇਸਰੀ ਨਾ ਨਿਸ਼ਾਨ ਕਿਧਰੇ



Sri Satguru Jagjit Singh Ji Elibrary NamdhariElibrary@gmail.com

ਨਾ ਸਿੰਘ ਸਰਦਾਰ ਜੁਆਨ ਹੁੰਦੇ
ਥਾਂ ਗ੍ਰੰਥ ਦੀ ਸਾਰੇ ਕੁਰਾਨ ਪੜ੍ਹਦੇ
ਹਿੰਦੂ ਹਿੰਦ ਦੇ ਵੀ ਮੁਸਲਮਾਨ ਹੁੰਦੇ

ਸੰਗਤ ਪੰਗਤ ਬਣਾ ਕੇ ਇੱਕ ਕੀਤਾ
ਉੱਚਾ ਸੁੱਚਾ ਉਹ ਹੈ ਸੀ ਦਰਬਾਰ ਤੇਰਾ
ਸਾਜੇ ਪੰਜ ਪਿਆਰੇ ਅੰਮ੍ਰਿਤ ਦਾਤ ਬਖਸ਼ੀ
ਇਹ ਵੱਡਾ ਅਹਿਸਾਨ ਉਪਕਾਰ ਤੇਰਾ
ਤਿੰਨ ਪੀੜੀਆਂ ਤੁਸਾਂ ਨੇ ਵਾਰੀਆਂ ਨੇ
ਕਰਜ਼ਾ ਦੇ ਨਹੀਂ ਸਕਦਾ ਸੰਸਾਰ ਤੇਰਾ
ਪੈਦਾ ਕੀਤੀ ਏ ਅਨੋਖੀ ਮਿਸਾਲ ਜੇਹੜੀ
ਦੇਸ਼ ਕੌਮ ਤੋਂ ਲਹਿਣਾ ਨਹੀਂ ਭਾਰ ਤੇਰਾ

ਕੌਤਕ ਕਰਕੇ ਸਾਹਿਬ ਨਦੇੜ ਅੰਦਰ
ਵਿੱਚ ਸੋਚਾਂ ਦੇ ਪਾਕੇ ਤੁਰ ਚੱਲਿਆ
ਵਾਂਗ ਪੁੱਤਰਾਂ ਦੇ ਨਾਲ ਕਾਲਜੇ ਦੇ
ਸੋਹਣੀ ਤੇਗ ਨੂੰ ਲਾ ਕੇ ਤੁਰ ਚੱਲਿਆ
ਆਪਣਾ ਸਾਰਾ ਪ੍ਰਵਾਰ ਉਜਾੜਕੇ ਤੇ
ਉਜੜੀ ਦੁਨੀਆਂ ਵਸਾਕੇ ਤੁਰ ਚੱਲਿਆ
ਝੂਠ ਖੇੜਿਆਂ ਦੇ ਰਹਿਣਾ ਮੂਲ ਨਾਹੀਂ
ਸੱਥਰ ਯਾਰ ਦਾ ਗਾ ਕੇ ਤੁਰ ਚੱਲਿਆ

ਜ਼ਿੰਦਾ ਜੱਗ ਤੇ ਰਹੂ ਇਤਹਾਸ ਤੇਰਾ
ਮੇਰੇ ਗੋਬਿੰਦਾ ਰਹਿਬਰਾ ਜਾਨੀਆਂ ਵੇ
ਨਾ ਹੋਇਆ ਤੇ ਨਾ ਕੋਈ ਹੋਰ ਹੋਣਾ
ਤੇਰੇ ਜਿਹਾ ਵੀ ਪੁੱਤਰਾਂ ਦੇ ਦਾਨੀਆਂ ਵੇ
ਨਾਲ ਤੀਰ ਤਲਵਾਰ ਦੇ ਵਾਹ ਗਿਉਂ
ਦਸਮ ਗ੍ਰੰਥ ਅੰਦਰ ਜੋ ਵੀ ਕਾਨੀਆਂ ਵੇ
ਜਿੰਨਾ ਚਿਰ ਇਹ ਜ਼ਿਮੀਂ ਅਸਮਾਨ ਰਹਿਸੀ
ਪ੍ਰੀਤ ਰਹਿਣਗੀਆਂ ਯਾਦ ਕੁਰਬਾਨੀਆਂ ਵੇ



Sri Satguru Jagjit Singh Ji Elibrary NamdhariElibrary@gmail.com

# ਸ਼ਹੀਦ ਸਿੰਘਾਂ ਦੀ ਵਾਰ

ਜੇਹੜੀਆਂ ਦਰਦ ਕਹਾਣੀਆਂ ਛੇੜ ਬੈਠੇ
ਉਹ ਤਾਂ ਲੰਮੀਆਂ ਦਰਦ ਕਹਾਣੀਆਂ ਨੇ
ਦਰਦ ਵਾਲੇ ਨੂੰ ਦਰਦ ਦਾ ਦਰਦ ਆਉਂਦੈ
ਜਾਗ ਪੈਂਦੀਆਂ ਸੱਟਾਂ ਪੁਰਾਣੀਆਂ ਨੇ
ਏਹਨਾਂ ਨਬਜ਼ਾਂ ਦੇ ਰੋਗ ਅਵੱਲੜੇ ਨੇ
ਕਿਸੇ ਵਿਰਲੇ ਨੇ ਨਬਜ਼ਾ ਪਛਾਣੀਆਂ ਨੇ
ਫੇਰ ਯਾਰ ਦੀ ਕੁੰਡੀ ਖੜਕਾਈ ਗ਼ੀ ਏ
ਸਿਰ ਧੜ ਦੀਆਂ ਪੈਂਦੀਆਂ ਲਾਣੀਆਂ ਨੇ

ਚਾੜ੍ਹ ਚਾੜ੍ਹ ਜਲਾਦਾ ਵੇ ਚਰਖੜੀ ਤੇ
ਚਾੜ ਹੱਸ ਕੇ ਤੂੰ ਸਰੀਰ ਸਾਡਾ
ਵਿੰਗਾ ਟੇਢਾ ਭਾਵੇਂ ਰੱਖਕੇ ਚੀਰ ਪਾਦੇ
ਸਿੱਧਾ ਪਵੇਗਾ ਵੇਖ ਲਈਂ ਚੀਰ ਸਾਡਾ
ਭਾਵੇਂ ਡੋਬਦੇ ਉਬਲ ਦੀ ਦੇਗ ਅੰਦਰ
ਪਰ ਨਾਂ ਅੱਖੀਉਂ ਵਗੇਗਾ ਨੀਰ ਸਾਡਾ
ਤੱਤੀ ਰੇਤ ਪੈਂਦੀ ਤੱਤੀ ਤਵੀ ਬੈਠਾ
ਠੰਢਾ ਬੈਠਾ ਸੀ ਪੀਰਾਂ ਦਾ ਪੀਰ ਸਾਡਾ

ਅਸੀਂ ਹੱਸ ਕੇ ਜ਼ੁਲਮ ਸਹਾਰਦੇ ਹਾਂ
ਜ਼ਾਲਮ ਰੱਜਕੇ ਜ਼ੁਲਮ ਗੁਜ਼ਾਰ ਲੈਂਦੇ
ਟੋਟੇ ਪੁੱਤਾਂ ਦੇ ਝੋਲੀ ਪਵਾ ਕੇ ਤੇ
ਅਸੀਂ ਦਿਲ ਤੇ ਪੀੜ ਸਹਾਰ ਲੈਂਦੇ
ਪੁੱਠੀ ਖੱਲ ਲਹਾਉਣ ਲਈ ਲਟਕ ਪੁੱਠੇ



Sri Satguru Jagjit Singh Ji Elibrary NamdhariElibrary@gmail.com

ਅਸੀਂ ਪੁੱਠਿਆ ਤੇ ਸਹਿ ਵਾਰ ਲੈਂਦੇ
ਲੋਹ ਲੰਗਰ ਛਕੌਣ ਲਈ ਸੰਗਤਾਂ ਨੂੰ
ਹਿੱਕ ਡਾਹਕੇ ਗੱਡੀ ਖਲ੍ਹਾਰ ਲੈਂਦੇ

ਕੈਂਚੀ ਨਾਲ ਨਾ ਕੱਟੇ ਗਏ ਕੇਸ ਸਿੰਘ ਦੇ
ਕੈਂਚੀ ਸਿੰਘ ਦੇ ਕੇਸੀਂ ਚਲੌਣ ਲੱਗਾ
ਰੰਬੀ ਫੜ ਜਲਾਦ ਉਹ ਤਾਰੂ ਸਿੰਘ ਦੇ
ਸਣੇ ਕੇਸਾਂ ਦੇ ਖੋਪਰੀ ਲਹੁਣ ਲੱਗਾ
ਅੰਨੇ ਅਕਲ ਦੇ ਕਮਲੇ ਜਲਾਦ ਤਾਂਈਂ
ਮਨੀ ਸਿੰਘ ਵੀ ਏਦਾਂ ਸਮਝੌਣ ਲੱਗਾ
ਬੰਦ ਬੰਦ ਤੂੰ ਕੱਟ ਸਰੀਰ ਮੇਰਾ
ਪਹਿਲਾਂ ਮੂਰਖਾ ਗੁੱਟ ਕਿਉਂ ਲਹੁਣ ਲੱਗਾ

ਜਿੰਨਾ ਮਰਜੀ ਜ਼ੁਲਮ ਗੁਜ਼ਾਰ ਜ਼ਾਲਮ
ਏਨ੍ਹਾਂ ਸਿੰਘਾਂ ਨੇ ਫੇਰ ਵੀ ਮੁੱਕਣਾ ਨਹੀਂ
ਝੁਕ ਜਾਂਦੇ ਨੇ ਏਹਨੂੰ ਝੁਕੌਣ ਵਾਲੇ
ਸਿੰਘਾਂ ਸੂਰਮਿਆਂ ਕਦੀ ਵੀ ਝੁਕਣਾ ਨਹੀਂ
ਹੱਥੀਂ ਬੱਧੇ ਸ਼ਹੀਦੀ ਦੇ ਏਹਨਾਂ ਗਾਨੇ
ਤੁਰੇ ਕਾਫਲੇ ਏਹਨਾਂ ਨੇ ਰੁਕਣਾ ਨਹੀਂ
ਜੇਹੜੀ ਸੇਧ ਏਹ ਲੈ ਕੇ ਤੁਰ ਪੈਂਦੇ
ਏਹਨਾਂ ਉਸ ਨਿਸ਼ਾਨਿਉਂ ਉੱਕਣਾ ਨਹੀਂ

ਗਲੀ ਯਾਰ ਪਿਆਰੇ ਦੀ ਜਾਣ ਖਾਤਰ
ਸੀਸ ਤਲੀ ਉੱਤੇ ਧਰਨਾ ਜਾਣਦੇ ਨੇ
ਸੇਹਰੇ ਬੰਨ੍ਹਕੇ ਸਿਰ ਸ਼ਹੀਦੀਆਂ ਦੇ
ਲਾੜੀ ਮੌਤ ਹਸ ਕੇ ਵਰਨਾ ਜਾਣਦੇ ਨੇ
ਦੁਸ਼ਮਣ ਵੇਖਕੇ ਏਹਨਾਂ ਨੂੰ ਚਾ ਚੜਦੇ
ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਨੇ
ਰੁਤਬਾ ਪੌਣ ਲਈ ਪ੍ਰੀਤ ਸ਼ਹੀਦੀਆਂ ਦਾ
ਫੀਸ ਸਿਰਾਂ ਦੀ ਭਰਨਾ ਜਾਣਦੇ ਨੇ



Sri Satguru Jagjit Singh Ji Elibrary NamdhariElibrary@gmail.com

# ਸਵਾਲ ਜਵਾਬ ਮੀਆਂ ਮੀਰ ਦਾ

ਮੇਰੇ ਦਾਤਿਆ ਕੁਝ ਤਾਂ ਬੋਲ ਅੜਿਆ
ਸਮਝ ਤੇਰੀ ਮੈਂ ਕਿਵੇਂ ਏਹ ਕਾਰ ਸਕਦਾਂ
ਏਸ ਅੱਗ ਦੀ ਰੁੱਤ ਇਸ ਅੱਗ ਉਤੇ
ਸਹਿ ਹੋਰ ਨਹੀਂ ਵਰ੍ਹਦੇ ਅੰਗਿਆਰ ਸਕਦਾ
ਸੜੀ ਰੇਤ ਪੈਂਦੀ ਸੜਦੀ ਤਵੀ ਉਤੇ
ਬੈਠਾ ਵੇਖ ਮੈਂ ਕਿਵੇਂ ਸਹਾਰ ਸਕਦਾਂ
ਹੁਕਮ ਕਰੋ ਮੈਨੂੰ ਮੇਰੇ ਪਾਤਸ਼ਾਹ ਜੀ
ਤਨ ਮਨ ਤੇਰਿਆਂ ਚਰਨਾਂ ਤੋਂ ਵਾਰ ਸਕਦਾਂ

ਕਰੋ ਹੁਕਮ ਮੈਨੂੰ ਇਕ ਵੇਰ ਦਾਤਾ
ਦਿੱਲੀ ਅਤੇ ਲਹੌਰ ਭਿੜਾਦਿਆਂ ਮੈਂ
ਜਹਾਂਗੀਰ ਵਾਲਾ ਮਲੀਆਂ ਮੇਟ ਕਰਕੇ
ਜ਼ੁਲਮ ਕਰਨ ਦਾ ਮਜ਼ਾ ਚਖਾਦਿਆਂ ਮੈਂ
ਤੱਤੀ ਰੇਤ ਜੇਹੜੀ ਤੇਰੇ ਸੀਸ ਪੈਂਦੀ
ਤੱਤੀ ਰੇਤ ਉਹਦੇ ਸਿਰ ਪਾ ਦਿਆਂ ਮੈਂ
ਜੇਹੜੀ ਅੱਗ ਦੇ ਉਤੇ ਬੈਠਾਇਆ ਤੈਨੂੰ
ਓਸ ਅੱਗ ਤੇ ਉਹਨੂੰ ਬੈਠਾਦਿਆਂ ਮੈਂ

ਮੀਆਂ ਮੀਰ ਤੂੰ ਹਾਲੇ ਕੀ ਵੇਖਿਆ ਏ
ਹਾਲੇ ਸਿਦਕ ਏ ਸੂਲੀ ਨਚਾਏ ਜਾਣੇ
ਆ ਕੇ ਜ਼ੁਲਮ ਹਨੇਰੀ ਨੇ ਝੁਲਣਾ ਏ
ਏਥੇ ਪਾਪਾਂ ਦੇ ਭਾਂਬੜ ਮਚਾਏ ਜਾਣੇ
ਬੰਦ ਬੰਦ ਜਾਣੇ ਕਟੇ ਵੇਖੇਂਗਾ ਤੂੰ



Sri Satguru Jagjit Singh Ji Elibrary NamdhariElibrary@gmail.com

ਨਾਲ ਰੰਬੀਆਂ ਖੋਪਰ ਲੁਹਾਏ ਜਾਣੇ
ਪਕੜ ਪਕੜ ਸਿੰਘਾਂ ਬੇਦੋਸ਼ਿਆਂ ਨੂੰ
ਤੋਪਾਂ ਅੱਗੇ ਖਲਾਰ ਉਡਾਏ ਜਾਣੇ

ਮੀਆਂ ਮੀਰ ਹਾਲੇ ਕੁਝ ਤੂੰ ਵੇਖਿਆ ਨਹੀਂ
ਹਾਲੇ ਅਜਬ ਨਜ਼ਾਰਾ ਤੂੰ ਵੇਖਣਾ ਏ
ਏਹਨਾਂ ਸਿਦਕੀ ਸਿੰਘ ਪ੍ਰਵਾਨਿਆਂ ਦੇ
ਸਿਰ ਚਲਦਾ ਆਰਾ ਤੂੰ ਵੇਖਣਾ ਏ
ਏਹਨਾਂ ਮਾਵਾਂ ਦੀ ਗੋਦੀਉਂ ਬਾਲ ਖੋਹ ਕੇ
ਟੋਟੇ ਹੁੰਦਾ ਪਿਆਰਾ ਤੂੰ ਵੇਖਣਾ ਏ
ਹਾਰ ਮਾਵਾਂ ਦੇ ਗਲ ਵਿੱਚ ਪੁੱਤਰਾਂ ਦਾ
ਜ਼ੁਲਮ ਜਬਰ ਦਾ ਕਾਰਾ ਤੂੰ ਵੇਖਣਾ ਏ

ਤਵੀ ਨਹੀਂ ਜਲਾਦ ਦੀ ਚਰਖੜੀ ਨੇ
ਏਦੋਂ ਵਧ ਹਤਿਆਰੇ ਨੇ ਚਲਣਾ ਏ
ਖਾਤਰ ਧਰਮ ਏਹਨਾਂ ਅਜੇ ਧਰਮੀਆਂ ਦੇ
ਨੀਂਹ ਵਿੱਚ ਖੂਨ ਦੇ ਗਾਰੇ ਨੇ ਚਲਣਾ ਏ
ਵੇਖੀਂ ਸਿਦਕੀਆਂ ਸਿੰਘਾਂ ਦੇ ਸਬਰ ਉਤੇ
ਗਲੇ ਜਬਰ ਦੇ ਆਰੇ ਨੇ ਚੱਲਣਾ ਏ
ਜ਼ਾਲਮ ਜ਼ੁਲਮ ਦਾ ਉਦੋਂ ਅਖੀਰ ਹੋਣਾ
ਜਦੋਂ ਖੰਡੇ ਦੇ ਧਾਰੇ ਨੇ ਚੱਲਣਾ ਏ

ਜਬਰ ਜ਼ੁਲਮ ਦਾ ਅੰਤ ਅਖੀਰ ਹੋਣਾ
ਤੁਰਨਾ ਕਾਫਲਾ ਸੂਰੇ ਲਾਸਾਨੀਆਂ ਦਾ
ਓਦੋਂ ਸਿਖੀ ਦਾ ਮਹਿਲ ਤਿਆਰ ਹੋਣਾ
ਜਦੋਂ ਡੁੱਲ੍ਹਣਾ ਖੂਨ ਜਵਾਨੀਆਂ ਦਾ
ਏਹਨਾਂ ਸੱਚ ਦੇ ਵਿੱਚ ਚੁਰੱਸਤਿਆਂ ਦੇ
ਭਾਂਡਾ ਭੱਜ ਜਾਣਾ ਬੇਈਮਾਨੀਆਂ ਦਾ
ਅਣਖ ਗੈਰਤ ਦੀ ਖਾਤਰ ਕੁਰਬਾਨ ਹੋ ਕੇ
ਪ੍ਰੀਤ ਪੂਰਨਾ ਪਾਣਾ ਕੁਰਬਾਨੀਆਂ ਦਾ



Sri Satguru Jagjit Singh Ji Elibrary NamdhariElibrary@gmail.com

# ਸ਼ਹੀਦ

ਆਪਣੇ ਕਰਤੱਵ ਲਈ ਜੇਹੜੇ ਸਮਰਥ ਹੁੰਦੇ
ਕਦੀ ਕਿਸੇ ਅੱਗੇ ਡੀਂਗ ਮਾਰਦੇ ਨਹੀਂ
ਜਤੀ ਸਤੀ ਲੰਗੋਟੇ ਦੇ ਹੋਣ ਜੇਹੜੇ
ਸੂਰੇ ਵਿੱਚ ਮੈਦਾਨ ਦੇ ਹਾਰਦੇ ਨਹੀਂ
ਜੇਹੜੇ ਸ਼ਰਾ ਦੀ ਹੱਦ ਨੇ ਟੱਪ ਜਾਂਦੇ
ਉਹ ਵਾਰ ਕੁ ਵਾਰ ਵਿਚਾਰਦੇ ਨਹੀਂ
ਅਣਖ ਗ਼ੈਰਤ ਦਾ ਦਿਲ 'ਚ ਹੋਵੇ ਜਜ਼ਬਾ
ਕਿਸੇ ਅੱਗੇ ਉਹ ਹੱਥ ਪਾਸਾਰਦੇ ਨਹੀਂ

ਦੇਸ਼ ਕੌਮ ਕੁਰਬਾਨੀ ਲਈ ਮਰਨ ਜਾਣਨ
ਉਹ ਨੱਚਦੇ ਖੰਡੇ ਦੀਆਂ ਧਾਰਾਂ ਉਤੇ
ਹੱਸ ਹੱਸਕੇ ਜਿੰਨਾਂ ਕੁਰਬਾਨ ਹੋਣਾ
ਸਦਾ ਰੱਖਦੇ ਪੈਰ ਅੰਗਿਆਰਾਂ ਉਤੇ
ਛੱਟ ਨਹੀਂ ਗੁਲਾਮੀ ਦੀ ਸਹਿ ਸਕਦੇ
ਖੂਨ ਡੋਲ੍ਹਣਾ ਜਾਨਣ ਦੁਆਰਾਂ ਉੱਤੇ
ਕੈਦ ਨਹੀਂ ਉਹ ਪਿੰਜਰੇ ਵਿੱਚ ਰਹਿਦੇ
ਜਿਹੜੇ ਨੱਚਦੇ ਖੰਡੇ ਦੀਆਂ ਧਾਰਾਂ ਉੱਤੇ

ਸਦਾ ਉਹਨਾਂ ਨੂੰ ਮਰਨ ਦਾ ਚਾ ਚੜ੍ਹਦੇ
ਸ਼ਮਾਂ ਬਲੀ ਤੋਂ ਮਰਨ ਪ੍ਰਵਾਨੇ ਆਉਂਦੇ
ਮੌਤ ਵਿੱਚੋਂ ਜਿਉਣ ਦਾ ਢੰਗ ਲਭਦੇ
ਉਹ ਦੀਵਾਨਗੀ ਲਈ ਦੀਵਾਨੇ ਆਉਂਦੇ
ਜਿੰਨ੍ਹਾ ਮੌਤ ਨੂੰ ਜ਼ਿੰਦਗੀ ਸਮਝ ਲਿਆ
ਉਹ ਗਾਉਂਦੇ ਸ਼ਹੀਦੀ ਤਰਾਨੇ ਆਉਂਦੇ



Sri Satguru Jagjit Singh Ji Elibrary NamdhariElibrary@gmail.com

ਜੇਹੜੇ ਪੱਕੇ ਹੁੰਦੇ ਆਸ਼ਕ ਦੀਨ ਦੇ ਨੇ
ਪਿੱਛੇ ਪਰਤੇ ਨਹੀਂ ਝੁੱਲੇ ਹਨ੍ਹੇਰ ਹੁੰਦੇ
ਉਹ ਵਿੱਚ ਮੈਦਾਨ ਦੇ ਬੁਕਦੇ ਨੇ
ਵੜੇ ਰਹਿੰਦੇ ਨਹੀਂ ਪਿੰਜਰੇ ਸ਼ੇਰ ਹੁੰਦੇ
ਝਖੜਾਂ ਅਤੇ ਤੂਫਾਨਾਂ ਵਿੱਚ ਡੋਲਦੇ ਨਹੀਂ
ਜੇਹੜੇ ਸੂਰਮੇ ਵਾਂਗ ਸੁਮੇਰ ਹੁੰਦੇ
ਸਦਾ ਉਹਨਾਂ ਦਾ ਰਹਿੰਦਾ ਇਤਿਹਾਸ ਜਿੰਦਾ
ਜੇਹੜੀ ਕੌਮ ਦੇ ਮਰਦ ਦਲੇਰ ਹੁੰਦੇ

ਸਦਾ ਜੱਗ ਤੇ ਰਹਿੰਦਾ ਏ ਨਾਮ ਰੌਸ਼ਨ
ਭਗਤ ਸੂਰਮੇ ਤੇ ਮਹਾਂਦਾਨੀਆਂ ਦਾ
ਦੇਸ਼ ਕੌਮ ਦਾ ਹੁੰਦਾ ਏ ਨਾਂ ਉੱਚਾ
ਝੰਡਾ ਝੂਲਦਾ ਏ ਜੋਧੇ ਬਾਨੀਆਂ ਦਾ
ਉਸ ਧਰਤੀ ਨੂੰ ਸਦਾ ਸਲਾਮ ਹੁੰਦੀ
ਖੂੰਨ ਡੁਲਦਾ ਜਿੱਥੇ ਜਵਾਨੀਆਂ ਦਾ
ਤਵਾਰੀਖ ਜ਼ਮਾਨੇ ਨੂੰ ਦੱਸਦੀ ਏ
ਮੁੱਲ ਪੈਂਦਾ ਏ ਸਦਾ ਕੁਰਬਾਨੀਆਂ ਦਾ

ਜਬਰ ਜ਼ੁਲਮ ਨੇ ਜਦੋਂ ਵੰਗਾਰਿਆ ਏ
ਡਟਕੇ ਸਾਹਮਣੇ ਓਦੋਂ ਹੀ ਖੜ੍ਹੇ ਹੋਏ ਆਂ
ਧਰਿਆ ਪੈਰ ਨਹੀਂ ਕਦੀ ਪਿਛਾਹ ਪੁੱਟਿਆ
ਸੀਸ ਤਲੀ ਤੇ ਰੱਖ ਕੇ ਲੜੇ ਹੋਏ ਆਂ
ਫਤਹਿ ਪਾਣ ਲਈ ਦੇ ਕੁਰਬਾਨੀਆਂ ਨੂੰ
ਕਈ ਵਾਰ ਕਤਲ ਗਾਹੇ ਵੜੇ ਹੋਏ ਆਂ
ਫੀਸ ਸੀਸ ਦੀ ਤਾਰ ਕੇ ਪਾਸ ਹੋਏ
ਪ੍ਰੀਤ ਉਸ ਵਿਦਿਆਲੇ ਵਿੱਚ ਪੜ੍ਹੇ ਹੋਏ ਆਂ



Sri Satguru Jagjit Singh Ji Elibrary NamdhariElibrary@gmail.com

# ਹਿੰਦ ਤੇ ਪਾਕ

ਭਾਣਾ ਵਰਤਿਆ ਜੋ ਹਿੰਦੋਸਤਾਨ ਉਤੇ
ਸਾਕਾ ਤੁਸਾਂ ਦੇ ਲਈ ਸੁਨਾਉਣ ਲੱਗਾ
ਰਾਮ ਸਿੰਘ ਸਤਿਗੁਰ ਜਲਾ ਵਤਨ ਕਰਕੇ
ਗੋਰਾ ਜ਼ੁਲਮ ਦਾ ਸਿੱਕਾ ਚਲਾਉਣ ਲੱਗਾ
ਫੁੱਟ ਪਾ ਕੇ ਮਜ਼ਬਾਂ ਤੇ ਫਿਰਕਿਆਂ ਦੀ
ਆਪੋ ਵਿੱਚ ਉਹ ਸਾਨੂੰ ਲੜਾਉਣ ਲੱਗਾ
ਪੰਜਾਂ ਪਾਣੀਆਂ 'ਚ ਜ਼ਹਿਰ ਮਿਲਾ ਕੇ ਤੇ
ਗੋਰਾ ਹਿੰਦੀਆਂ ਦੀ ਰੱਤ ਨਹਾਉਣ ਲੱਗਾ

ਪਹਿਲੋਂ ਪਹਿਲਾਂ ਕਲਕੱਤੇ 'ਚ ਪੈਰ ਧਰਿਆ
ਰੂਪ ਧਾਰਕੇ ਆਇਆ ਵਪਾਰੀਆਂ ਦਾ
ਬੜਾ ਚਾਤਰ ਚਲਾਕ ਬਦਮਾਸ਼ ਖਿਲਾ
ਭੇਤ ਪਾ ਲਿਆ ਰਿਆਸਤਾਂ ਸਾਰੀਆਂ ਦਾ
ਸੋਚ ਸਮਝ ਕੇ ਜੰਗ ਉਸ ਛੇੜ ਦਿੱਤੀ
ਇਹਨਾਂ ਸਮਝਿਆ ਪੋਲ ਗ਼ਦਾਰੀਆਂ ਦਾ
ਹੌਲੀ ਹੌਲੀ ਪੰਜਾਬ ਵਿੱਚ ਆਣ ਵੜਿਆ
ਆਗੂ ਬਣ ਕੇ ਸੈਂਤਾਂ ਪੁਜਾਰੀਆਂ ਦਾ

ਵੱਜਾ ਬਿਗੁਲ ਅਜ਼ਾਦੀ ਦਾ ਭੈਣੀਉ ਜੋ
ਓਸ ਗੋਰੇ ਦਾ ਤਖ਼ਤ ਹਿਲਾ ਦਿੱਤਾ
ਸਿਰਲੱਥਾਂ ਦਾ ਜਥਾ ਤਿਆਰ ਹੋਇਆ
ਭੜਥੂ ਵਿੱਚ ਮੈਦਾਨ ਦੇ ਪਾ ਦਿੱਤਾ
ਭਗਤ ਸਿੰਘ ਸਰਾਭਾ ਸੁਭਾਸ਼ ਊਧਮ



Sri Satguru Jagjit Singh Ji Elibrary NamdhariElibrary@gmail.com

ਆਪਾ ਆਪ ਜਿੰਨਾ ਦਾਅ ਤੇ ਲਾ ਦਿੱਤਾ
ਕਲਰ ਕੋਟਲੇ 'ਚ ਸਿੰਘ ਕੂਕਿਆਂ ਨੇ
ਹੱਸ ਤੋਪਾਂ ਅੱਗੇ ਸੀਨਾ ਡਾਹ ਦਿੱਤਾ

ਬਾਂਦਰ ਵੰਡ ਕਰਕੇ ਬਿੱਲੇ ਦੇਸ਼ ਅੰਦਰ
ਹਿੰਦੂ ਸਿੱਖ ਤੇ ਮੋਮਨ ਨੂੰ ਪਾੜ ਦਿੱਤਾ
ਖੂਨ ਦੇ ਕੇ ਲਈ ਅਜ਼ਾਦੀ ਜੇਹੜੀ
ਭੇਟ ਸੰਨ ਸੰਤਾਲੀ ਦੀ ਚਾਹੜ ਦਿੱਤਾ
ਕੀਤਾ ਫੇਰ ਉਸ ਘਾਣ ਮਨੁਖਤਾ ਦਾ
ਘਰ ਲੁੱਟਿਆ ਜਾਂ ਫਿਰ ਸਾੜ ਦਿੱਤਾ
ਐਸਾ ਤੋਹਫਾ ਅਜ਼ਾਦੀ ਦੇ ਨਾਲ ਦਿੱਤਾ
ਝੁੱਗਾ ਵਸਦਾ ਸਾਡਾ ਉਜਾੜ ਦਿੱਤਾ

ਸੋਹਣੀ ਪੰਜ ਦਰਿਆਵਾਂ ਦੀ ਇਹ ਧਰਤੀ
ਵੰਡੀ ਗਈ ਏ ਪੰਜ ਦਰਿਆਵਾਂ ਕੋਲੋਂ
ਜੇਹੜੀ ਮਿੱਟੀ ਤੇ ਰਾਹਵਾਂ ਨਾਲ ਸਾਂਝ ਸਾਡੀ
ਰਾਹਗੀਰ ਬਣਕੇ ਵਿਛੜੇ ਰਾਹਵਾਂ ਕੋਲੋਂ
ਸਾਡੇ ਸੱਕੇ ਹਮਸਾਏ ਵੀ ਗਏ ਵਿਛੜ
ਭੈਣ ਵਿਛੜੀ ਸਕੇ ਭਰਾਵਾਂ ਕੋਲੋਂ
ਉਜੜੇ ਵਿਛੜੇ ਲੱਖਾਂ ਪ੍ਰਵਾਰ ਵੇਖੇ
ਹਿੰਦੂ ਸਿੱਖ ਮੋਮਨ ਵਿਛੜੇ ਮਾਵਾਂ ਕੋਲੋਂ

ਜੇਹੜੇ ਵਿਛੜਿਆਂ ਤਾਂਈ ਮਿਲਾ ਦੇਂਦੇ
ਰੱਬ ਵਰਗੇ ਉਹ ਇਨਸਾਨ ਹੁੰਦੇ
ਜਿਨ੍ਹਾਂ ਵਿੱਚ ਖੁਦਾ ਦਾ ਨੂਰ ਹੁੰਦਾ
ਭਾਵੇਂ ਸਿੱਖ ਹਿੰਦੂ ਮੁਸਲਮਾਨ ਹੁੰਦੇ
ਜੇਹੜੇ ਭਲਾ ਸਰਬਤ ਦਾ ਸੋਚਦੇ ਨੇ
ਉੱਚੇ ਉਹਨਾਂ ਦੇ ਧਰਮ ਈਮਾਨ ਹੁੰਦੇ
ਦੇਸ਼ ਕੌਮ ਤੇ ਧਰਮ ਲਈ ਪ੍ਰੀਤ ਮਰਦੇ
ਉਹ ਦਰਗਾਹੇ ਸ਼ਹੀਦ ਪ੍ਰਵਾਨ ਹੁੰਦੇ



Sri Satguru Jagjit Singh Ji Elibrary NamdhariElibrary@gmail.com

# ਕਾਰਗਿਲ

ਸੱਪ ਮੌਤ ਆਇਆ ਖਹਿੰਦਾ ਰਾਹ ਉੱਤੇ
ਕੁੱਤਾ ਵਿੱਚ ਮਸੀਤ ਦੇ ਮੂਤ ਜਾਂਦਾ
ਦਾਰੂ ਪੀ ਕੇ ਕੱਢਦਾ ਫਿਰੇ ਗਾਲਾਂ
ਆਵਾਂ ਖਾਨਿਉਂ ਉਸਦਾ ਉੱਤ ਜਾਂਦਾ
ਜਨਤਾ ਉਸਨੂੰ ਕਦੀ ਨਾ ਮੁਆਫ ਕਰਦੀ
ਜਿਹੜਾ ਕਰ ਕੋਈ ਭੈੜੀ ਕਰਤੂਤ ਜਾਂਦਾ
ਪੰਗਾ ਜਦੋਂ ਵੀ ਹੈ ਪਾਕਿਸਤਾਨ ਲੈਂਦਾ
ਵਾਰ ਵਾਰ ਖਾ ਕੇ ਸਾਥੋਂ ਜੂਤ ਜਾਂਦਾ

ਜੁੱਤੀਆਂ ਖਾਣ ਦੀ ਜਿਸ ਨੂੰ ਪਵੇ ਆਦਤ
ਉਹਨੇ ਕਰਨੀਆਂ ਹੀ ਛੇੜਖਾਨੀਆਂ ਨੇ
ਸਾਡੇ ਨਾਲ ਸਮਝੌਤਾ ਕਰ ਕਈ ਵੇਰਾਂ
ਰੱਖੀਆਂ ਢਿੱਡ ਅੰਦਰ ਬੇਈਮਾਨੀਆਂ ਨੇ
ਅਸੀਂ ਸਮਝ ਗੁਆਂਢੀ ਲਿਹਾਜ਼ ਕਰਦੇ
ਕਰਦੇ ਨਿੱਤ ਬੇਅਕਲ ਸ਼ੈਤਾਨੀਆਂ ਨੇ
ਕਾਰਗਿਲ ਅੰਦਰ ਪਈਆਂ ਫੇਰ ਜੁੱਤੀਆਂ
ਖਾਂਦੀਆਂ ਮੂਹ ਉਹੋ ਪਾਕਿਸਤਾਨੀਆਂ ਨੇ

ਸ਼ਰਮ ਲਾਹ ਕੇ ਬੰਦਾ ਜੋ ਢੀਠ ਹੋ ਜਾਏ
ਉਹਨੂੰ ਨਾ ਬਖਸ਼ੋ ਉਹਨੂੰ ਥਾਂ ਮਾਰੋ
ਉਹ ਹੋਰ ਕਿਤੇ ਫੇਰ ਜੰਮ ਨਾ ਦਏ
ਕਮਲਾ ਮਾਰੋ ਨਾ, ਕਮਲੇ ਦੀ ਮਾਂ ਮਾਰੋ
ਰੋਟੀ ਥਾਲੀ ਚੋਂ ਚੁਕਦੇ ਬੱਚਿਆਂ ਦੀ

ਪ੍ਰੀਤ ਫੁਰਖਾਨੀਆਂ/99

Sri Satguru Jagjit Singh Ji Elibrary NamdhariElibrary@gmail.com

ਆਣ ਬੈਠੇ ਬਨੇਰੇ ਜੋ ਕਾਂ ਮਾਰੋ
ਉਹ ਧੁੱਪ 'ਚ ਮਰਨਾ ਲੋਚਦਾ ਏ
ਤੁਸੀਂ ਉਸਨੂੰ ਵਿੱਚ ਕਿਉਂ ਛਾਂ ਮਾਰੇ

ਨਿਰੇ ਅਮਨ ਦੇ ਪੁੱਤ ਨਾ ਬਣੀ ਜਾਓ
ਇਹ ਕੱਲੇ ਨਹੀਂ ਪਾਕਸਤਾਨ ਦੀ ਜੰਗ
ਆਂਡੇ ਕਿਸੇ ਪਾਸੇ ਕੁੜ ਕੁੜ ਕਿਸੇ ਪਾਸੇ
ਛੇੜੀ ਤੀਸਰੇ ਬੰਨਿਉ ਸ਼ੈਤਾਨ ਦੀ ਜੰਗ
ਛਿੜ ਪਈ ਤਾਂ ਛਿੜੇਗੀ ਵਿਸ਼ਵ ਦੀ ਜੰਗ
ਛਿੜੂ ਸਾਰੇ ਥਾਂਵੀਂ ਘਮਸਾਨ ਦੀ ਜੰਗ
ਪਾਕਸਤਾਨ ਵਿਗੜੇ ਦਾ ਕੀ ਵਿਗੜਣਾ ਏ
ਬਣ ਜਾਣਾ ਪੰਜਾਬ ਮੈਦਾਨ ਦੀ ਜੰਗ

ਵਿਗੜ ਗਿਆ ਦਿਮਾਗ ਹੈ ਸਾਰਿਆਂ ਦਾ
ਧਰੀ ਤਲੀ ਦੇ ਉੱਤੇ ਅੰਗਿਆਰ ਬੈਠੇ
ਇੱਕ ਦੂਜੇ ਲਈ ਮੋਰਚੇ ਪੁੱਟ ਲਏ ਨੇ
ਹੱਥਾਂ ਵਿੱਚ ਲੈ ਮਾਰੂ ਹਥਿਆਰ ਬੈਠੇ
ਘਾਣ ਕਰਨ ਲਈ ਸਾਰੀ ਮਨੁਖਤਾ ਦਾ
ਵੀਟੋ ਪਾਵਰਾਂ ਲਈ ਗ਼ਦਾਰ ਬੈਠੇ
ਏਸ ਜੰਗ ਨੇ ਕਿਸੇ ਨੂੰ ਬਖਸ਼ਣਾ ਨਹੀਂ
ਦੁਸ਼ਮਣ ਭਾਵੇਂ ਤੇ ਭਾਵੇਂ ਨੇ ਯਾਰ ਬੈਠੇ

ਸਾਡੇ ਨਾਲ ਤੂੰ ਛੇੜਕੇ ਜੰਗ ਬੀਬਾ
ਹਾਰ ਵੇਖ ਕੇ ਮੂੰਹ ਫੇਰ ਅੱਡਣਾ ਏ
ਛੋਟਾ ਸਮਝ ਕੇ ਅਸੀਂ ਲਿਹਾਜ਼ ਕਰਦੇ
ਗਲੋਂ ਫੜਾਂਗੇ ਫੇਰ ਨਾ ਛਡਣਾ ਏ
ਬੰਗਲਾ ਦੇਸ਼ ਵਾਂਗੂੰ ਕਾਰਗਿਲ ਵਿੱਚੋਂ
ਤੈਨੂੰ ਬੇਸਮਝਾ ਅਸਾਂ ਕੱਢਣਾ ਏ
ਜੇ ਨਾ ਸਮਝਿਆ ਹੁਣ ਪ੍ਰੀਤ ਦੀ ਗੱਲ
ਪਾਕਸਤਾਨ ਵਿੱਚ ਵੀ ਝੰਡਾ ਗੱਡਣਾ ਏ



Sri Satguru Jagjit Singh Ji Elibrary NamdhariElibrary@gmail.com

ਅਤਵਾਦ ਫੈਲਾ ਕਸ਼ਮੀਰ ਅੰਦਰ
ਲਹੁਣਾ ਚਾਹੁੰਦਾ ਏਂ ਸਿਰ ਤੋਂ ਤਾਜ ਸਾਡਾ
ਕਈ ਮੁਲਕਾਂ ਨੇ ਭਰੀ ਏ ਨਾਲ ਹਾਮੀ
ਯੂਐਨੋ ਨੇ ਸੁਣਿਆ ਇਤਰਾਜ਼ ਸਾਡਾ
ਜਦੋਂ ਕੀਤਾ ਏ ਉਸਦਾ ਅਸਾਂ ਕੀਤਾ
ਕਦੀ ਕੀਤਾ ਨਹੀਂ ਉਹਨੇ ਲਿਹਾਜ਼ ਸਾਡਾ
ਨਵੀਂ ਸਦੀ ਦਾ ਮਿਲਿਆ ਏ ਇਹ ਤੋਹਫਾ
ਅਗਵਾ ਕੀਤਾ ਨੇਪਾਲੋਂ ਜਹਾਜ਼ ਸਾਡਾ



Sri Satguru Jagjit Singh Ji Elibrary NamdhariElibrary@gmail.com

# ਘਰ ਦੀ ਜੰਗ

ਰਬਾ ਖੈਰ ਰਖੀਂ ਸਾਡੇ ਵੇਹੜਿਆਂ ਦੀ
ਨਜਰਾਂ ਭੈੜੀਆਂ ਆਣ ਕੇ ਲਗ ਗਈਆਂ
ਕੀ ਬਣੇਗਾ ਭਾਰਤ ਗੁਲਜ਼ਾਰ ਦਾ ਹੁਣ
ਤਤੀਆਂ ਆਣ ਹਵਾਵਾਂ ਨੇ ਵਗ ਗਈਆਂ
ਸਾਰੇ ਸ਼ਹਿਰ ਦੇ ਗਲੀ ਮੁਹੱਲਿਆਂ ਨੂੰ
ਕਿਸ ਠੱਗ ਦੀਆਂ ਨਜ਼ਰਾਂ ਠੱਗ ਗਈਆਂ
ਭਾਈਚਾਰਿਆਂ ਵਿੱਚ ਦਫੇੜ ਪੈ ਗਈ
ਗੱਲਾਂ ਖਿਲਰ ਗਈਆਂ ਸਾਰੇ ਜਗ ਗਈਆਂ

ਜੰਗ ਮਜ਼ਹਬ ਤੁਅਸਬ ਦਾ ਛੇੜਿਆ ਏ
ਹਿੰਦੂ ਸਿੱਖ ਇਸਾਈ ਮੁਸਲਮਾਨ ਦੇ ਵਿੱਚ
ਸਾਨੂੰ ਭਾਸ਼ਾ ਦੇ ਨਾਮ ਤੇ ਵੰਡ ਦਿੱਤਾ
ਸਾਂਝ ਰਹੀ ਨਾ ਸਾਡੀ ਜੁਬਾਨ ਦੇ ਵਿੱਚ
ਏਹਨਾਂ ਹਾਕਮਾਂ ਅਤੇ ਹਕੂਮਤਾਂ ਨੇ
ਫਰਕ ਪਾਇਆ ਏ ਆਪਣੀ ਸ਼ਾਨ ਦੇ ਵਿੱਚ
ਜਿਹੜੇ ਦੂਜੇ ਨੂੰ ਢਾਹੁਣ ਦੀ ਸੋਚਦੇ ਨੇ
ਢਾਹ ਖਾਣਗੇ ਆਪ ਮੈਦਾਨ ਦੇ ਵਿੱਚ

ਜੇਹੜਾ ਕਿਸੇ ਦੇ ਘਰ ਦਾ ਬੁਰਾ ਤੱਕਦਾ
ਉਹਦਾ ਆਪਣਾ ਝੁੱਗਾ ਨਾ ਵਸਦਾ ਏ
ਉਹਦੀ ਹੁੰਦੀ ਹਮੇਸ਼ਾ ਪਲੀਤ ਮਿੱਟੀ
ਛੇੜਖਾਨੀਆਂ ਕਰਕੇ ਜੋ ਹੱਸਦਾ ਏ
ਚੁਗਲ ਖੋਰ ਜਸੂਸ ਗਦਾਰ ਬੰਦਾ



Sri Satguru Jagjit Singh Ji Elibrary NamdhariElibrary@gmail.com

ਝੂਠਾ ਪਰ੍ਹੇ ਪੰਚੈਤ ਚੋਂ ਨਸਦਾ ਏ
ਪਹਿਲਾਂ ਉਹ ਵੀ ਸਮਝਾਇਆਂ ਨਾ ਸਮਝਦਾ ਏ
ਖ਼ਰੀਆਂ ਦਸਦਾਂ ਰੋ ਕੇ ਦਸਦਾ ਏ

ਰਮਜ ਨਾਲ ਸਮਝਾਇਆ ਨਾ ਸਮਝਦੇ ਨੇ
ਘਰ ਬਾਰ ਉਜਾੜਕੇ ਸਮਝ ਆਉਂਦੀ
ਬੀਤੇ ਵੇਲੇ ਨੂੰ ਫੇਰ ਪਛਤਾਈ ਦਾ ਏ
ਚਾਰੇ ਕੰਨੀਆਂ ਝਾੜਕੇ ਸਮਝ ਆਉਂਦੀ
ਅਕਲ ਖਾਨਿਉਂ ਨਿਕਲੀ ਗੱਲ ਜੇਹੜੀ
ਅਕਲ ਖਾਨੇ 'ਚ ਵਾੜਕੇ ਸਮਝ ਆਉਂਦੀ
ਫੇਰ ਸੁਲਹਾ ਸਫ਼ਾਈ ਦੀਆਂ ਹੋਣ ਗੱਲਾਂ
ਸਿਰ ਆਪਣਾ ਪਾੜ ਕੇ ਸਮਝ ਆਉਂਦੀ

ਭੱਜੀਆਂ ਬਾਹਵਾਂ ਫਿਰ ਗਲ ਨੂੰ ਆਉਂਦੀਆਂ ਨੇ
ਨਾਲ ਗਲ ਦੇ ਬਾਹਵਾਂ ਨੂੰ ਲਾਈਦਾ ਏ
ਯਾਰ ਭੀੜ 'ਚ ਕੰਡ ਭਵਾ ਜਾਂਦੇ
ਮੋਹ ਜਾਗਦਾ ਓਦੋਂ ਫਿਰ ਭਾਈ ਦਾ ਏ
ਖ਼ੂਨ ਪੰਘਰ ਜਾਂਦਾ ਵੀਰਾਂ ਸਕਿਆਂ ਦਾ
ਓਦੋਂ ਸਫ਼ਲ ਹੋਵੇ ਦੁੱਧ ਮਾਈ ਦਾ ਏ
ਵੀਰ ਆਣਕੇ ਵੀਰ ਦੀ ਕੰਡ ਕੱਜਣ
ਤਾਂਹੀਂ ਦੁਸ਼ਮਣਾਂ ਨੂੰ ਮਜ਼ਾ ਚਖਾਈਦਾ ਏ

ਕਿਸੇ ਖੱਟਿਆ ਨਹੀਂ ਦਵੇੜ ਵਿੱਚੋਂ
ਏਸ ਗੱਲ ਤੇ ਸੋਚ ਵੀਚਾਰ ਕਰੀਏ
ਦੁਸ਼ਮਣ ਸਦਾ ਈ ਦੁਸ਼ਮਣੀ ਪਾਲਦਾ ਏ
ਆਪਾਂ ਘਰ 'ਚ ਕਾਸ ਨੂੰ ਮਾਰ ਕਰੀਏ
ਉਹ ਵੀ ਆਪਣੇ ਤਾਂ ਹੋਣ ਵੀਰ ਸਾਰੇ
ਵੀਰਾਂ ਨਾਲ ਐਵੇਂ ਕਾਹਨੂੰ ਖਾਰ ਕਰੀਏ
ਭਾਰਤ ਮਾਂ ਦੇ ਅਸੀਂ ਹਾਂ ਪੁੱਤ ਸਾਰੇ
ਪ੍ਰੀਤ ਵਾਂਗ ਭਰਾਵਾਂ ਦੇ ਪਿਆਰ ਕਰੀਏ



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਕੁਰਬਾਨੀਆਂ ਦਾ ਇਤਿਹਾਸ ਲੋਕ ਲਹਿਰਾਂ ਤੇ ਸੰਘਰਸ਼ਾਂ ਦਾ ਆਪਣਾ ਇਤਿਹਾਸ ਹੈ ਜੋ ਸਮੇਂ ਸਮੇਂ ਦੇ ਨਾਲ ਤੁਰਦਾ ਹੀ ਰਹਿੰਦਾ ਏ। ਲੋਕਾਂ ਵਲੋਂ ਸਮਾਜਕ ਬੇਨਿਆਂ ਦੇ ਖਿਲਾਫ਼ ਹਮੇਸ਼ਾਂ ਰਚਿਆ ਜਾਂਦਾ ਰਿਹਾ। ਦੇਸ਼ ਕੌਮ ਧਰਮ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਦਾ ਇਤਿਹਾਸ ਜ਼ੁਲਮ, ਜ਼ਬਰ ਤੇ ਹੱਕਾਂ ਲਈ ਲੜੀਆਂ ਗਈਆਂ ਜਗ੍ਹਾ ਢਿੱਲੋਂ ਪ੍ਰੀਤ ਦੀਆਂ ਰਚਨਾਵਾਂ ਵਿੱਚ ਜ਼ਿਕਰ ਸਾਹਮਣੇ ਖੁਲ੍ਹਕੇ ਆਉਂਦਾ ਏ। ਢਿੱਲੋਂ ਪ੍ਰੀਤ ਨੇ ਕੁਰਬਾਨੀਆ ਦੇ ਇਤਿਹਾਸ ਨੂੰ ਆਪਣਾ ਵਿਸ਼ਾ ਬਣਾਇਆ ਏ। ਜੇਹੜੀਆਂ ਵੀ ਸਤਾ ਦੇ ਵਿਰੋਧ 'ਚ ਲਹਿਰਾਂ ਉਠੀਆ ਲੋਕਾਂ ਨੇ ਕਿਵੇਂ ਕੁਰਬਾਨੀਆਂ ਦਿੱਤੀਆਂ 'ਪ੍ਰੀਤ ਕੁਰਬਾਨੀਆਂ' ਕਿਤਾਬ ਨੂੰ ਪੜ੍ਹਕੇ ਪਤਾ ਲਗਦਾ ਏ।

**ਰਣਜੀਤ ਕੌਰ ਜੀਤ**
ਸਾਹਿਬਾਬਾਦ, ਦਿੱਲੀ।

ISBN 81-89869-83-3
9788189869830
Rs. 120/-

**UDAAN PUBLICATIONS, INDIA**
**MANSA**-151505 (PUNJAB)
Phone : +91-1652-233087

Sri Satguru Jagjit Singh Ji Elibrary NamdhariElibrary@gmail.com